ISSN 0972-2335

# ਅੰਮ੍ਰਿਤ ਕੀਰਤਨ

## ਜੂਨ 2018



ਸਰਦਾਰ ਜੋਧ ਸਿੰਘ ਜੀ,
ਆਲ ਇੰਡੀਆ ਰੇਡੀਓ



ਭਾਈ ਰਣਧੀਰ ਸਿੰਘ ਜੀ




ਭਾਈ ਦੇਵਿੰਦਰ ਸਿੰਘ ਗੁਰਦਾਸਪੁਰੀ

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-

## ਤੂੰ ਤੂੰ ਤੇ ਮੈਂ ਮੈਂ

ਬਾਲ ਜੰਮਿਆ ਰੂਪ ਪ੍ਰਮਾਤਮਾਂ ਦਾ,
ਸਿੱਖ ਬਣ ਮੁਰੀਦ[1] ਉਸ ਨੂਰ[2] ਹੋਇਆ।

ਸੁਨੱਤ[3] ਨਾਲ ਹੋਇਆ ਮੁਸਲਮਾਨ ਉਹੀ,
ਜੰਜੂ ਟਿੱਕੇ ਤੂੰ ਹਿੰਦੂ ਜ਼ਰੂਰ ਹੋਇਆ।

ਤੂੰ ਤੂੰ ਮੈਂ ਮੈਂ ਦਾ ਜੰਗ ਹੋਇਆ,
ਵਿੱਚ ਜੰਗ ਹੀ ਮਜ਼ਹਬ ਫਤੂਰ[4] ਹੋਇਆ।

ਖਿੱਚੋ ਤਾਣ ਲਾਈ ਇੱਕ ਇੱਕ ਪਾਸੇ,
ਹਰ ਪਾਸੇ ਦਾ ਇਉਂ ਦਸਤੂਰ[5] ਹੋਇਆ।

ਕਹਿਆ ਪੁਰਖਾਂ[6] ਦਾ ਰੱਖ ਇਕ ਪਾਸੇ,
ਖ਼ੁਦੀ, ਦਵੈਤ, ਹੰਕਾਰੀਂ ਬਰਬਾਦ ਹੋ ਗਏ[7]।

ਸੱਚੇ ਰਬ ਨੂੰ ਮੰਨੋਂ ਵਿਸਾਰ ਕੇ ਤੇ,
ਝਗੜੇ ਪਾ ਆਪੂੰ ਨਾਸ਼ਾਦ[8] ਹੋ ਗਏ।

## तूं तूं ते मैं मैं

बाल जन्मया रूप प्रमात्मा दा,
सिख बण मुरीद[1] उस नूर[2] होया।

सुन्नत[3] नाल होया मुस्लमान ओही,
जंजू टिक्के तूं हिन्दू ज़रूर होया।

तूं तूं मैं मैं दा जंग होया,
विच्च जंग ही मज़हब फ़तूर[4] होया।

खिच्चो ताण लाई इक इक पासे,
हर पासे दा इओं दस्तूर[5] होया।

कहिआ पुरखां[6] दा रख इक पासे,
खुदी द्वैत हंकारीं बरबाद हो गए[7]।

सच्चे रब्ब नूं मनों विसार के ते,
झगड़े पा आपूं नाशाद[8] हो गए।



ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

ਅੰਮ੍ਰਿਤ ਕੀਰਤਨ

# ਇਸ ਅੰਕ ਵਿਚ


| | |
|---|---|
| ਸੰਪਾਦਕੀ: ਕਰਉ ਬੇਨੰਤੀਆ: ਸਾਡੇ ਪ੍ਰੇਰਨਾ ਸਰੋਤ– ਸ੍ਰ. ਜੋਧ ਸਿੰਘ ਆਲ ਇੰਡੀਆ ਰੇਡੀਓ ਵਾਲੇ | 2 |
| ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ – ਡਾ. ਜਾਗੀਰ ਸਿੰਘ | 3 |
| ਵਸ਼ਿਸ਼ਟ ਗੁਰਬਾਣੀ ਗਾਇਕ ਭਾਈ ਦੇਵਿੰਦਰ ਸਿੰਘ – ਨਵਜੋਤ ਕੌਰ ਕਸੇਲ | 8 |
| ਬਹੁਪੱਖੀ ਸ਼ਖ਼ਸੀਅਤ ਭਾਈ ਕਰਮ ਸਿੰਘ ਰਤਨ: ਸਤਨਾਮ ਸਿੰਘ | 19 |
| ਸੁਰਲਿਪੀ – ਰਾਗ ਤਿਲੰਗ | ਟਾ-3 |
| ਸੁਰਲਿਪੀ ਵਾਲੇ ਸ਼ਬਦ ਦੇ ਅਰਥ | ਟਾ-4 |



**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

## ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com
Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-

# ਸਾਡੇ ਪ੍ਰੇਰਨਾ ਸਰੋਤ- ਸ੍ਰ. ਜੋਧ ਸਿੰਘ ਆਲ ਇੰਡੀਆ ਰੇਡੀਓ ਵਾਲੇ

ਜਦੋਂ ਅਸੀਂ ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਕਰਕੇ ਜੂਨ 1989 ਵਿੱਚ ਅੰਮ੍ਰਿਤ ਕੀਰਤਨ ਮੈਗਜ਼ੀਨ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਤਾਂ ਉਦੋਂ ਨਾ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਗੁਰਮਤਿ ਸੰਗੀਤ ਦਾ ਵਿਸ਼ਾ ਲਾਗੂ ਹੋਇਆ ਸੀ, ਨਾ ਕਿਸੇ ਯੂਨੀਵਰਸਿਟੀ ਨੇ ਇਸ ਵਿਸ਼ੇ ਬਾਰੇ ਕੋਈ ਪਹਿਲ ਕੀਤੀ ਸੀ, ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਮਤਿ ਸੰਗੀਤ ਦਾ ਕੋਈ ਵਿਦਿਆਲਾ ਸਥਾਪਤ ਕੀਤਾ ਸੀ ਅਤੇ ਨਾ ਹੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅਜੇ ਅਦੁੱਤੀ ਗੁਰਮਤਿ ਸੰਗੀਤ ਸਮਾਗਮ ਸ਼ੁਰੂ ਕੀਤੇ ਸਨ।ਅਸੀਂ ਇਹ ਦਾਅਵਾ ਨਹੀਂ ਕਰਦੇ ਕਿ ਹੁਣ ਜੋ ਕੁਝ ਗੁਰਮਤਿ ਸੰਗੀਤ ਦੀ ਪ੍ਰਫੁਲਤਾ ਲਈ ਵੱਡੇ ਸ਼ਲਾਘਾਯੋਗ ਕਾਰਜ ਹੋਏ ਹਨ ਉਹਨਾਂ ਵਿੱਚ ਸਾਡਾ ਕੋਈ ਬਹੁਤ ਵੱਡਾ ਯੋਗਦਾਨ ਹੈ।ਪਰ ਜਦੋਂ ਅਸੀਂ ਅੰਮ੍ਰਿਤ ਕੀਰਤਨ ਪ੍ਰਕਾਸ਼ਿਤ ਕਰਨ ਅਤੇ ਪ੍ਰੇਵਸ਼ ਅੰਕ ਪ੍ਰਕਾਸ਼ਿਤ ਕੀਤਾ ਤਾਂ ਉਦੋਂ ਜਿਹੜੇ ਮਹਾਂਪੁਰਖਾਂ, ਲੇਖਕਾਂ ਸ਼ੁਭਚਿੰਤਕਾਂ ਦੇ ਜੋ ਪੱਤਰ ਆਏ ਉਹਨਾਂ ਤੋਂ ਗੁਰਮਤਿ ਸੰਗੀਤ ਸਬੰਧੀ ਚਿੰਤਾ ਭਲੀਭਾਂਤ ਪ੍ਰਗਟ ਹੁੰਦੀ ਹੈ। ਪ੍ਰਵੇਸ਼ ਅੰਕ ਵਿੱਚ ਡਾ਼ ਇੰਦਰਪਾਲ ਸਿੰਘ, ਡਾਇਰੈਟਰ ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰੋ ਹਰਜੀਤ ਸਿੰਘ ਗੰਗਾਨਗਰ, ਭਾਈ ਹਰਬੰਸ ਜਗਾਧਰੀ ਵਾਲੇ ਅਤੇ ਵਰਿਆਮ ਸਿੰਘ ਖੁਰਾਣਾ ਲੁਧਿਆਣਾ ਦੇ ਪੱਤਰ ਛਾਪੇ ਗਏ ਸਨ।ਪ੍ਰਵੇਸ਼ ਅੰਕ ਨੂੰ ਪ੍ਰਾਪਤ ਕਰਕੇ ਉਸ ਨੂੰ ਵਾਚ ਕੇ ਜਿਹੜੇ ਸਾਨੂੰ ਪੱਤਰ ਪ੍ਰਾਪਤ ਹੋਏ ਉਹਨਾਂ ਵਿੱਚ ਡਾ ਗੁਰਮੁਖ ਸਿੰਘ ਭਾਸ਼ਾ ਵਿਭਾਗ, ਬਲਜੀਤ ਕੌਰ ਤੁਲਸੀ, ਬਲਜੀਤ ਸਿੰਘ ਬੱਲੀ, ਅਵਤਾਰ ਸਿੰਘ ਅਜ਼ਾਦ ਰਾਂਚੀ, ਡਾ਼ ਸੰਤੋਖ ਸਿੰਘ ਭੁਪਾਲ, ਭਾਈ ਅਮਰੀਕ ਸਿੰਘ ਜ਼ਖਮੀ, ਡਾ, ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਸਿੰਧ ਬੈਂਕ ਅਤੇ ਸ੍ਰ, ਮਨਜੀਤ ਸਿੰਘ ਕਲਕਤਾ ਪ੍ਰਮੁਖ ਹਨ। ਇਸੇ ਹੀ ਅੰਕ ਵਿੱਚ ਸ੍ਰ ਜੋਧ ਸਿੰਘ ਆਲ ਇੰਡੀਆ ਰੇਡੀਓ ਵਾਲਿਆਂ ਦਾ ਪੱਤਰ ਛਾਪਿਆ ਗਿਆ। ਇਸ ਪੱਤਰ ਵਿੱਚ ਜਿਥੇ ਉਹਨਾਂ ਨੇ ਸਾਨੂੰ ਅਗਵਾਈ ਦਿੱਤੀ ਹੈ ਉਥੇ ਹੀ ਕੀਰਤਨ ਦੇ ਮਿਆਰ ਬਾਰੇ ਫਿਕਰ ਦਾ ਜ਼ਿਕਰ ਕੀਤਾ ਹੈ। ਇਹ ਪੱਤਰ ਪੜ੍ਹ ਕੇ ਜੇ ਅੱਜ ਦੀ ਸਥਿਤੀ ਦਾ ਜਾਇਜ਼ਾ ਲਵਾਂਗੇ ਤਾਂ ਇਹ ਵਿਸ਼ਵਾਸ ਬਣਦਾ ਹੈ ਜੇ ਚੰਗੇ ਕਾਰਜਾਂ ਲਈ ਜਤਨ ਕੀਤੇ ਜਾਣ ਤਾਂ ਜ਼ਰੂਰ ਹੀ ਚੰਗੇ ਨਤੀਜੇ ਪ੍ਰਾਪਤ ਹੁੰਦੇ ਹਨ।ਸ੍ਰ. ਜ਼ੋਧ ਸਿੰਘ ਜੀ ਦਾ ਜੁਲਾਈ 1989 ਦੇ ਅੰਮ੍ਰਿਤ ਕੀਰਤਨ ਵਿੱਚ ਛਪਿਆ ਪੱਤਰ ਮੁੜ ਪਾਠਕਾਂ ਲਈ ਪੇਸ਼ ਕਰ ਰਹੇ ਹਾਂ-

'ਅੰਮ੍ਰਿਤ ਕੀਰਤਨ ਟ੍ਰਸਟ' ਸਥਾਪਨਾ ਤੇ ਮਾਸਕ ਪੱਤਰ ਜਾਰੀ ਕਰਨ ਲਈ ਮੁਬਾਰਕਬਾਦ ਭੇਜਦਾ ਹਾਂ।ਅਕਾਲ ਪੁਰਖ ਇਸ ਉਦਮ ਨੂੰ ਸਫਲਤਾ ਬਖਸ਼ੇ।ਪ੍ਰਵੇਸ਼ ਅੰਕ ਦੀ ਇੱਕ ਕਾਪੀ ਪ੍ਰਾਪਤ ਹੋਈ।ਬਹੁਤ ਧੰਨਵਾਦ।ਪਰਚੇ ਦੇ ਉਦੇਸ਼ਾਂ ਵਿੱਚ ਬਹੁਤ ਕੁਝ ਸ਼ਾਮਲ ਕੀਤਾ ਹੈ।ਇਹ ਇਸ ਦੇ ਭਵਿੱਖ ਦੀ ਸਾਖੀ ਹੈ।ਸਮੱਗਰੀ ਚੰਗੀ ਹੋਵੇਗੀ ਤਾਂ ਸਫਲਤਾ ਯਕੀਨੀ ਹੈ।ਸਭ ਤੋਂ ਉਤਸ਼ਾਹਜਨਕ ਪੱਖ ਇਸ ਟ੍ਰਸਟ ਦੇ ਚਲਾਣ ਵਾਲੇ ਪ੍ਰੇਮੀਆਂ ਤੇ ਤੁਹਾਡੀ ਸਵਾਰਥ ਰਹਿਤ ਸੇਵਾ ਭਾਵਨਾ ਹੈ।ਇਸ ਨੂੰ ਨਿਮਰਤਾ ਤੇ ਸਖਤ ਮਿਹਨਤ ਨਾਲ ਨਿਭਾਓ।

ਗੁਰਬਾਣੀ ਕੀਰਤਨ ਉਪਰ ਸਿੱਖ ਪੰਥ ਦੀਆਂ ਨੀਹਾਂ ਕਾਇਮ ਹਨ।ਇਹ ਸਾਡਾ ਨਿਵੇਕਲਾ ਅਤੇ ਅਤਿ ਪ੍ਰਭਾਵਸ਼ਾਲੀ ਵਿਰਸਾ ਹੈ।ਸਿੱਖ ਧਰਮ ਦਾ ਮੁਢਲਾ ਪ੍ਰਚਾਰ ਕੀਰਤਨ ਰਾਹੀਂ ਹੋਇਆ।ਇਸ ਨੂੰ ਪੈਸੇ ਦੀ ਖਿੱਚ ਤੋਂ ਬਚਾਅ ਕੇ ਰੱਖਣ ਤੇ ਇਸ ਦੀ ਪਰੰਪਰਾ ਤੇ ਪੱਧਰ ਨੂੰ ਕਾਇਮ ਰੱਖਣ ਲਈ ਸੁਚੇਤ ਹੋਣਾ

ਹੈ।ਨਾਮਧਾਰੀ ਸੰਸਥਾ ਇਸ ਸਬੰਧੀ ਚੌਕਸ ਹੈ।ਪ੍ਰੰਤੂ ਸ੍ਰੋ. ਗੁ. ਪ੍ਰੰ.ਕਮੇਟੀ ਜਿਸ ਅਧੀਨ 60-70 ਰਾਗੀ ਜਥੇ ਸੇਵਾ ਕਰ ਰਹੇ ਹਨ ਹਾਂਲਾਂ ਤਕ ਇੱਕ ਉੱਚ ਪੱਧਰੀ ਸੰਗੀਤ ਕਾਲਜ ਸਥਾਪਤ ਨਹੀਂ ਕਰ ਸਕੀ।ਪੰਜਾਬ ਦੇ ਸੰਗੀਤਕ ਵਿਰਸੇ ਵਿੱਚ ਵਿਸ਼ੇਸ਼ ਸਥਾਨ ਗੁਰਮਤਿ ਸੰਗੀਤ ਦਾ ਹੈ।ਪ੍ਰੰਤੂ ਯੂਨੀਵਰਸਿਟੀਆਂ ਵਿੱਚ ਕਲ੍ਹ ਤਕ ਇਸ ਦਾ ਨਾਮ ਹੀ ਨਹੀਂ ਸੀ।ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਹਾਲਾਂ ਤੀਕ ਗੁਰਮਤਿ ਸੰਗੀਤ ਦਾ ਵਿਭਾਗ ਨਹੀਂ ਹੈ।ਕੀਰਤਨ 'ਚੋਂ ਤੰਤੀ ਸਾਜ਼ਾਂ ਦਾ ਅਭਾਵ ਇਸ ਦੇ ਪੱਧਰ ਨੂੰ ਡੇਗ ਰਿਹਾ ਹੈ।ਪੰਥ ਦੇ ਪੰਦਰਾਂ ਹਜ਼ਾਰ ਤੋਂ ਵਧ ਗੁਰਦੁਆਰਿਆਂ ਵਿੱਚ ਇੱਕ ਹਜ਼ਾਰ ਤੋਂ ਵਧ ਛੋਟੇ ਵੱਡੇ ਰਾਗੀ ਜਥੇ ਹੋਣਗੇ।ਇਹਨਾਂ ਦਾ ਬੁਨਿਆਦੀ ਪੱਧਰ ਬਨਾਣ ਲਈ ਕੋਈ ਸੰਸਥਾ ਨਹੀਂ ਹੈ।ਚੀਫ ਖਾਲਸਾ ਦੀਵਾਨ ਦੇ ਯਤੀਮਖਾਨਾ ਦੇ ਸੰਗੀਤ ਵਿਦਿਆਲੇ ਨੇ ਪਹਿਲੇ ਸਮੇਂ ਵਿੱਚ ਬੜੇ ਉੱਚ ਪੱਧਰ ਦੇ ਰਾਗੀ ਪੈਦਾ ਕੀਤੇ।ਵਰਤਮਾਨ ਬਾਰੇ ਕੋਈ ਬਹੁਤਾ ਨਹੀਂ ਕਹਿ ਸਕਦਾ।

ਤੁਹਾਡੀ ਵਿਸ਼ੇ ਸੂਚੀ ਦੀ ਤਰਤੀਬ ਸ਼ਲਾਘਾਯੋਗ ਹੈ।ਸਾਈਜ਼ ਸੋਹਣਾ ਹੈ ਪ੍ਰੰਤੂ ਇਸ ਨੂੰ ਬਹੁ-ਭਾਸ਼ੀ ਕਿਉਂ ਬਣਾਇਆ? ਅੰਗ੍ਰੇਜ਼ੀ ਆਰਟੀਕਲ ਵਿਦਵਤਾ ਤੇ ਖੋਜ ਦੀ ਝਲਕ ਦਿੰਦਾ ਹੈ।

ਰਾਗੀਆਂ ਬਾਰੇ ਤੁਸੀਂ ਬੜੀ ਵਿਸਥਾਰ ਪੂਰਬਕ ਜਾਣਕਾਰੀ ਮੰਗੀ ਹੈ।ਆਪ ਕੇਵਲ ਉਹਨਾਂ ਪ੍ਰਸਿੱਧ ਗੁਰਮੁਖ ਰਾਗੀਆਂ ਨੂੰ ਪਾਠਕਾਂ ਦੇ ਪੇਸ਼ ਕਰੋ ਜਿਹਨਾਂ ਪਾਸ ਉੱਚ ਪੱਧਰੀ ਸੰਗੀਤਕ ਯੋਗਤਾ ਤੇ ਭਰਪੂਰ ਗੁਰਸਿੱਖੀ ਜੀਵਨ ਹੈ।ਇਸ ਪ੍ਰਾਪਤ ਹੋਈ ਜਾਣਕਾਰੀ ਨੂੰ ਰਾਗੀਆਂ ਦੀ ਡਾਇਰੈਕਟਰੀ ਬਨਾਣ ਲਈ ਵਰਤੋ।----

ਸ੍ਰ. ਜੋਧ ਸਿੰਘ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਅਮਰੀਕਾ ਦੇ ਗੁਰਦੁਆਰਾ ਬ੍ਰਿਜਵਾਟਰ ਨਿਊ ਜਰਸੀ ਅਤੇ ਗੁਰਦੁਆਰਾ ਗਲੈਨਰਾਕ ਦੀ ਜ਼ਮੀਨ ਤੇ ਹੋਈ ਸੀ। ਉਦੋਂ ਅਜੇ ਗਲੈਨਰਾਕ ਵਿਖੇ ਗੁਰਦੁਆਰਾ ਸਾਹਿਬ ਸਥਾਪਤ ਕਰਨ ਲਈ ਥਾਂ ਹੀ ਲਈ ਸੀ। ਉੱਥੇ ਜੰਗਲ ਵਿੱਚ ਹੀ ਦੀਵਾਨ ਸਜਿਆ ਸੀ। ਜਿਥੇ ਮੈਂ ਕੀਰਤਨ ਕੀਤਾ ਸੀ ਤੇ ਸ੍ਰ. ਜੋਧ ਸਿੰਘ ਜੀ ਨੇ ਲੈਕਚਰ ਦਿੱਤਾ ਸੀ। ਉਹਨਾਂ ਨੇ ਮੈਨੂੰ ਸਿੱਖਿਆ ਵਜੋਂ ਜੋ ਸ਼ਬਦ ਕਹੇ ਸਨ ਉਹ ਮੇਰੇ ਕੰਨਾਂ ਵਿੱਚ ਹਮੇਸ਼ਾ ਗੂੰਜਦੇ ਰਹਿੰਦੇ ਹਨ। 'ਪ੍ਰਸਿੱਧੀ ਅਤੇ ਪੈਸੇ ਦੀ ਭੁੱਖ ਤੋਂ ਉੱਚੇ ਉਠ ਕੇ ਸੇਵਾ ਕਰੋ।'ਸਰਦਾਰ ਸਾਹਿਬ ਦਾ ਆਲ ਇੰਡੀਆ ਰੇਡੀਓ ਤੇ ਰਹਿੰਦਿਆਂ ਅਨੇਕ ਰਾਗੀਆਂ ਨਾਲ ਵਾਹ ਪੈਂਦਾ ਸੀ।ਕੀਰਤਨ ਦਰਬਾਰਾਂ ਅਤੇ ਗੁਰਪੁਰਬਾਂ ਦੇ ਸਮਾਗਮਾਂ ਦੀ ਰੇਡੀਓ ਤੇ ਉਹਨਾਂ ਵੱਲੋਂ ਕੀਤੀ ਪੇਸ਼ਕਾਰੀ ਲਾਮਿਸਾਲ ਹੈ।ਅੰਮ੍ਰਿਤ ਕੀਰਤਨ ਦਾ ਪਹਿਲਾ ਅੰਕ ਪੜ੍ਹ ਕੇ ਜੋ ਉਹਨਾਂ ਨੇ ਅਗਵਾਈ ਦਿੱਤੀ ਉਹ ਸਾਡੇ ਲਈ ਰਾਹ ਰੁਸ਼ਨਾਣ ਦਾ ਕੰਮ ਕਰਦੀ ਰਹੀ ਹੈ।ਉਹਨਾਂ ਦੇ ਦੇਹਾਂਤ ਤੋਂ ਉਹਨਾਂ ਦੀ ਸਪੁੱਤਰੀ ਸੁਰਜੀਤ ਕੌਰ ਜੀ ਨੇ ਉਹਨਾਂ ਦੀ ਯਾਦ ਵਿੱਚ ਇੱਕ ਟ੍ਰਸਟ ਦੀ ਸਥਾਪਨਾ ਕੀਤੀ ਉਹਨਾਂ ਉਸ ਵਿੱਚ ਮੈਨੂੰ ਮੈਂਬਰ ਵਜੋਂ ਸ਼ਾਮਲ ਕੀਤਾ।ਉਹਨਾਂ ਬਾਰੇ ਪ੍ਰਕਸ਼ਿਤ ਕੀਤੇ ਸੋਵੀਨਿਰ ਨੂੰ ਵੀ ਡਾ. ਗੁਰਸ਼ਰਨ ਸਿੰਘ ਜੀ ਅਤੇ ਮੈਨੂੰ ਸੰਪਾਦਤ ਕਰਨ ਦਾ ਮਾਣ ਪ੍ਰਾਪਤ ਹੋਇਆ।ਸ੍ਰ. ਜੋਧ ਸਿੰਘ ਜੀ ਨੇ ਅੰਮ੍ਰਿਤ ਕੀਰਤਨ ਲਈ ਵੀ ਕੁਝ ਆਰਟੀਕਲ ਲਿਖੇ ਸਨ ਉਹਨਾਂ ਨੂੰ ਵੀ ਅਸੀਂ ਮੁੜ ਪ੍ਰਕਾਸ਼ਿਤ ਕਰਨ ਦਾ ਜਤਨ ਕਰਾਂਗੇ।

ਕੁਝ ਹੋਰ ਮਹਾਂਪੁਰਖਾਂ ਅਤੇ ਵਿਦਵਾਨਾਂ ਬਾਰੇ ਅਗਲੇਰੇ ਅੰਕਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਾਂਗੇ।ਭੁੱਲ ਚੁੱਕ ਖਿਮਾ----



# ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ

ਡਾ ਜਾਗੀਰ ਸਿੰਘ

ਸਿਖ ਜਗਤ ਵਿੱਚ ਭਾਈ ਰਣਧੀਰ ਸਿੰਘ ਜੀ ਦਾ ਨਾਮ ਅਖੰਡ ਕੀਰਤਨੀ ਜਥੇ ਦੇ ਸੰਸਥਾਪਕ ਵਜੋਂ ਪ੍ਰਸਿੱਧ ਹੈ। ਭਾਈ ਸਾਹਿਬ ਨੇ ਇਸ ਤਰ੍ਹਾਂ ਕੀਰਤਨ ਕੀਤਾ ਕਿ ਆਪ ਦਾ ਕੀਰਤਨ ਕਰਨ ਦਾ ਢੰਗ-ਤਰੀਕਾ ਇੱਕ ਵਖਰੀ ਕੀਰਤਨ ਪ੍ਰਣਾਲੀ ਵਜੋਂ ਪ੍ਰਸਿੱਧ ਹੋ ਗਿਆ।

ਭਾਈ ਰਣਧੀਰ ਸਿੰਘ ਜੀ ਦੇ ਉਦੈ ਹੋਣ ਸਮੇਂ ਸਿਖ ਸਮਾਜ ਇੱਕ ਸੰਕ੍ਰਾਂਤੀ ਕਾਲ ਵਿੱਚੋਂ ਲੰਘ ਰਿਹਾ ਸੀ। ਦੇਸ ਵਿੱਚ ਉਦੋਂ ਅਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ। ਇਸ ਦੇ ਨਾਲ ਨਾਲ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਦਾ ਵੀ ਬੋਲ ਬਾਲਾ ਸੀ। ਭਾਈ ਸਾਹਿਬ ਸਿੱਖੀ ਸਿਧਾਂਤਾਂ ਨਾਲ ਓਤਪੋਤ ਸਨ। ਉਹਨਾਂ ਵਿੱਚ ਇਹਨਾਂ ਸਿਧਾਂਤਾਂ ਅਤੇ ਸਿੱਖ ਜੀਵਨ ਰਹਿਣੀ ਬਹਿਣੀ ਦੀ ਪ੍ਰਪੱਕਤਾ ਕਾਇਮ ਰੱਖਣ ਲਈ ਜੰਨੂਨ ਦੀ ਹੱਦ ਤੱਕ ਦਾ ਜਜ਼ਬਾ ਸੀ। ਉਹਨਾਂ ਨੇ ਇਸ ਜਜ਼ਬੇ ਅਤੇ ਸਿੱਖ ਰਹਿਣੀ ਬਹਿਣੀ ਦੀ ਵਿਲੱਖਣਤਾ ਨੂੰ ਇੱਕ ਸ਼ਸਤਰ ਵਜੋਂ ਪ੍ਰਯੋਗ ਕੀਤਾ। ਜ੍ਹੇਲ ਚਿੱਠੀਆਂ ਵਿੱਚ ਉਹਨਾਂ ਦੇ ਸੰਘਰਸ਼ ਤੋਂ ਇੱਸ ਗੱਲ ਦਾ ਭਲੀਭਾਂਤ ਪਤਾ ਲੱਗਦਾ ਹੈ।

ਉਸ ਸਮੇਂ ਸਥਾਪਤ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਹੁੰਦਾ ਸੀ। ਕੀਰਤਨ ਕਰਨ ਵਾਲੇ ਕੀਰਤਨੀਆਂ ਦੀ ਉਪਜੀਵਕਾ ਸਾਧਨ ਵੀ ਕੀਰਤਨ ਸੀ। ਇਸ ਲਈ ਕਈ ਵਾਰ ਇਹ ਕੀਰਤਨ ਗੁਰਮਤਿ ਸਿਧਾਂਤਾਂ ਦੇ ਅਨੁਸਾਰੀ ਨਹੀਂ ਸੀ ਹੁੰਦਾ।ਕਈ ਗੁਰਦੁਆਰਾ ਸਾਹਿਬਾਨ ਵਿੱਚ ਉਸ ਸਮੇਂ ਸਿੱਖ ਮਰਯਾਦਾ ਦਾ ਉਲੰਘਣ ਹੋ ਰਿਹਾ ਸੀ ਜਿਸ ਦੇ ਵਿਰੁੱਧ ਗੁਰਦੁਆਰਾ ਸੁਧਾਰ ਲਹਿਰ ਚਲਾਈ ਜਾ ਰਹੀ ਸੀ। ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਮਰਯਾਦਾ-

ਘਰਿ ਘਰਿ ਅੰਦਰ ਧਰਮਸਾਲ ਹੋਵੈ
ਕੀਰਤਨ ਸਦਾ ਵਿਸੋਆ

ਅਨੁਸਾਰ ਪਿੰਡ ਪਿੰਡ ਅਤੇ ਘਰਿ ਘਰਿ ਵਿੱਚ ਕੀਰਤਨ ਪ੍ਰਵਾਹ ਚਲਾ ਦਿੱਤਾ। ਇਸ ਲਹਿਰ ਵਿੱਚ ਸ਼ਾਮਲ ਕੀਰਤਨੀਏ ਭਾਵੇਂ ਸੰਗੀਤ ਕਲਾ ਵਿੱਚ ਪ੍ਰਪੱਕ ਨਹੀਂ ਸੀ ਪਰ ਉਹ ਗੁਰਮਤਿ ਰਹਿਣੀ ਵਿੱਚ ਪ੍ਰਪੱਕ ਸਨ। ਫਿਰ ਉਹਨਾਂ ਦਾ ਮਨੋਰਥ ਦੇਸ ਦੀ ਅਜ਼ਾਦੀ ਅਤੇ ਸਮਾਜ ਦਾ ਸੁਧਾਰ ਸੀ। ਉਹ ਕੀਰਤਨ ਨੂੰ ਇਨਕਲਾਬ ਦੀ ਇਕ ਜੁਗਤ ਵਜੋਂ ਪ੍ਰਯੋਗ ਕਰਦੇ ਸਨ।

ਭਾਈ ਰਣਧੀਰ ਸਿੰਘ ਨੇ ਗੁਰਮਤਿ ਦੇ ਅਧਿਐਨ ਰਾਹੀਂ ਜਦੋਂ ਕੀਰਤਨ ਦੀ ਮਹੱਤਤਾ ਅਨੁਭਵ ਕੀਤੀ ਤਾਂ ਆਪ ਨੇ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਗੁਰਬਾਣੀ ਦਾ ਕੀਰਤਨ ਕਰਨਾ ਅਰੰਭ ਕਰ ਦਿੱਤਾ। ਸਮਾਂ ਪਾ ਕੇ ਕੀਰਤਨ ਆਪ ਦਾ ਜੀਵਨ ਆਧਾਰ ਬਣ ਗਿਆ ਅਤੇ ਆਪ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂਮੰਡਲ ਵਿੱਚ ਵਿਚਰਨ ਲੱਗੇ। ਕੀਰਤਨ ਦੇ ਪ੍ਰਭਾਵ ਕਾਰਨ ਕਈ ਸਰੋਤੇ ਆਪ ਦੇ ਅਨਿੰਨ ਪ੍ਰੇਮੀ ਬਣ ਗਏ। ਸਹਿਜੇ ਸਹਿਜੇ ਇੱਕ ਕੀਰਤਨੀ ਜਥਾ ਤਿਆਰ ਹੋ ਗਿਆ ਜੋ ਪਿੱਛੋਂ ਆ ਕੇ ਅਖੰਡ ਕੀਰਤਨੀ ਜਥੇ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬਾਅਦ ਵਿੱਚ ਇਹ ਜਥਾ ਇੱਕ ਸੁਚੱਜੀ ਸੰਸਥਾ ਦਾ ਰੂਪ ਧਾਰਨ ਕਰ ਗਿਆ।

ਭਾਈ ਸਾਹਿਬ ਨੇ ਅੰਮ੍ਰਿਤ ਛਕਣ ਤੋਂ ਬਾਅਦ ਲਗਭਗ 1901 ਵਿੱਚ ਆਪਣਾ ਕੀਰਤਨੀ ਜਥਾ ਬਣਾ ਕੇ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ। ਆਪ ਜੇਲ੍ਹ ਚਿੱਠੀਆਂ ਵਿੱਚ ਲਿਖਦੇ ਹਨ-

ਪਿੰਡ ਨਾਰੰਗਵਾਲ ਵਿੱਚ ਹੀ ਸ਼ਬਦੀ ਜਥਾ ਸੋਹਣੇ ਰੰਗ ਵਿੱਜ ਸਜ ਗਿਆ ਸੀ। ਚਾਹੇ ਪਿੰਡ ਵਿੱਚ ਕਈ ਸਿੰਘ ਸਜ ਗਏ ਸਨ ਅਤੇ ਕਈ ਘਰਾਣੇ ਖਾਲਸਾ ਧਰਮ ਦੇ ਧਾਰਨੀ ਹੋ ਗਏ ਸਨ, ਪਰੰਤੂ ਪੂਰੀ ਰਹਿਤ ਅਨੁਸਾਰ ਬਿਬੇਕੀ ਜੀਵਨ ਵਾਲੇ ਵਿਰਲੇ ਹੀ ਸਨ। ਇਹਨਾਂ ਦੇ ਸੰਗ ਸਾਥ ਮਿਲਕੇ ਹੀ ਪਿੰਡ ਵਿੱਚ ਕੀਰਤਨ ਦਾ ਅੰਨਦ ਲੈਂਦੇ ਅਤੇ ਬਾਹਰ ਦੀਵਾਨਾਂ ਉੱਪਰ

ਵੀ ਜਾਂਦੇ ਸਾਂ। ਪਿੰਡ ਨਾਰੰਗਵਾਲ ਵਿੱਚ ਉਪਰੋਂ ਥਲੀ ਕਈ ਦੀਵਾਨ ਕੀਤੇ ਅਤੇ ਸ਼ਬਦੀ ਜਥਾ ਤਕੜੀਆਂ ਲਹਿਰਾਂ ਵਿੱਚ ਹੋ ਗਿਆ। (ਜੇਲ੍ਹ ਚਿੱਠੀਆਂ, ਪੰਨਾ 40)

ਭਾਈ ਸਾਹਿਬ ਜਦ ਕੀਰਤਨ ਕਰਦੇ ਤਾਂ ਇੱਕੋ ਚੌਂਕੜੇ ਵਿੱਚ ਪੰਜ-ਪੰਜ ਛੇ-ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਖੁਦ ਕੀਰਤਨ ਵਿੱਚ ਕੀਰਤਨ ਰੂਪ ਹੋ ਜਾਂਦੇ ਸਨ। ਇਸ ਨਾਲ ਸੰਗਤ ਵਿੱਚ ਬੈਠੀਆਂ ਪ੍ਰੇਮੀ ਰੂਹਾਂ ਦੀ ਸੁਰਤਿ ਕੀਲੀ ਜਾਂਦੀ ਸੀ।

ਆਪ ਪੂਰਾ ਤਾਣ ਲਾ ਕੇ ਕੀਰਤਨ ਕਰਦੇ ਸਨ। ਇੱਕ ਇਕ ਤੁਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਉਚਾਰਦੇ ਸਨ ਇਸ ਨਾਲ ਸਰੋਤਿਆਂ ਉੱਪਰ ਵਿਸਮਾਦੀ ਪ੍ਰਭਾਵ ਪੈਂਦਾ ਸੀ। ਕਈ ਸਰੋਤਿਆਂ ਦੇ ਤਾਂ ਵੈਰਾਗ ਵਿੱਚ ਨੇਤ੍ਰ ਸੇਜਲ ਹੋ ਜਾਂਦੇ ਸਨ।

ਉਸ ਵੇਲੇ ਦੇ ਕਈ ਰਾਗੀ ਜਿਹੜੇ ਸੰਗੀਤ ਕਲਾ ਦੇ ਮਾਹਿਰ ਸਨ ਉਹ ਆਪਣੀ ਸੰਗੀਤ ਕਲਾ ਦੇ ਵਿਖਾਵੇ ਲਈ ਗੁਰਬਾਣੀ ਕੀਰਤਨ ਕਰਦੇ ਸਨ। ਐਸੇ ਕੀਰਤਨ ਬਾਰੇ ਗੁਰਬਾਣੀ ਵਿੱਚ ਫਰਮਾਨ ਹੈ-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ।।

ਜਿਨਾ ਅੰਦਰਿ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ।।

ਪਰ ਭਾਈ ਸਾਹਿਬ ਨੇ ਕੀਰਤਨ ਨੂੰ ਨਾਮ ਅਭਿਆਸ ਕਮਾਈ ਦਾ ਇੱਕ ਸਾਧਨ ਸਮਝਿਆ। ਉਸ ਸਮੇਂ ਗੁਰਸਿੱਖੀ ਨਾਲ ਪ੍ਰੇਮ ਤੇ ਲਗਾਉ ਤੋਂ ਬਿਨਾ ਪਸਰ ਰਹੀ ਕੀਰਤਨ ਅਤੇ ਰਾਗ ਵਿੱਦਿਆ ਬਾਰੇ ਆਪ ਦਾ ਵਿਚਾਰ ਸੀ-

ਹਰਿ ਕੀਰਤਨ ਦੀ ਪ੍ਰੇਮਾ ਭਗਤੀ ਛੱਡ ਕੇ ਕੇਵਲ ਰਾਗਾਂ ਪਿੱਛੇ ਹੀ ਰੀਝਣਾ ਗੁਰਮਤਿ ਦੇ ਪ੍ਰਤੀਕੂਲ ਹੈ। ਰਾਗ ਪ੍ਰਬੀਨਤਾ ਜਿਸਨੇ ਪ੍ਰਾਪਤ ਕਰਨੀ ਹੋਵੇ, ਸੋ ਪਿਆ ਕਰੇ ਪਰ ਹਰਿ ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿੱਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿੱਦਿਆ ਦੇ ਸ਼ੌਕੀਨ ਨੂੰ ਪ੍ਰਾਚੀਨ ਸਮੇਂ ਅਨਮਤ ਵਿੱਦਿਆ ਘੋਖਣ ਨਮਿਤ ਕਾਸ਼ੀ ਜਾ ਕੇ ਵਿੱਦਿਆ ਅਤਿ ਮਹਿੰਗੀ ਪਈ। ਵਿੱਦਿਆ ਘੋਖਣ ਗਏ ਵਿੱਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿੱਦਿਆ ਦੇ ਅਭਿਮਾਨੀ ਹੋ ਕੇ ਕੂਪੀ ਵਿੱਚ ਰੋੜ ਖੜਕਾਉਣ ਜੋਗੇ ਰਹਿ ਗਏ। ਗੁਰਮਤਿ ਦੇ ਤਤਸਾਰ ਅਭਿਆਸ ਤੋਂ ਨਿਰੋਲ ਸੱਖਣੇ ਰਹਿ ਗਏ, ਮਾਨੋ ਉਕਤ ਵਿੱਦਿਆ ਅਵਿੱਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸੱਖਣੀ ਨਿਰੀ ਰਾਗ ਵਿੱਦਿਆ ਰੋਗ ਰੂਪ ਹੈ ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪਰੇਡੇ ਰਖਦੀ ਹੈ।(ਗੁਰਮਤਿ ਲੇਖ ਪੰਨਾ 120)

ਆਮ ਕਰਕੇ ਭਾਈ ਸਾਹਿਬ ਦਾ ਕੀਰਤਨ ਪ੍ਰੇਮਾ ਭਗਤੀ ਨਾਲ ਭਰਪੂਰ ਹੁੰਦਾ ਸੀ। ਉਹ ਅਜਿਹੇ ਵਲਵਲਿਆਂ ਦਾ ਸੰਚਾਰ ਸਰੋਤਿਆਂ ਅੰਦਰ ਬਾਖੂਬੀ ਕਰ ਦਿੰਦੇ ਸਨ। ਉਹਨਾਂ ਦੇ ਕੀਰਤਨ ਦੀ ਸ਼ੈਲੀ ਸੁਗਮ ਹੋਣ ਕਾਰਨ ਸਾਰੀਆਂ ਸੰਗਤਾਂ ਅਜਿਹਾ ਕੀਰਤਨ ਕਰਨ ਵਿੱਚ ਸ਼ਾਮਲ ਹੋ ਜਾਂਦੀਆਂ ਸਨ। ਆਪ ਰਾਗ ਨਾਲੋਂ ਗੁਰਬਾਣੀ ਨੂੰ ਵਧੇਰੇ ਤਰਜੀਹ ਦਿੰਦੇ ਸਨ ਆਪ ਦਾ ਵਿਚਾਰ ਸੀ-

ਪ੍ਰੇਮਾ ਭਗਤੀ ਦੇ ਰੰਗਾਂ ਵਿੱਚ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅੱਗੇ ਪਿੱਛੇ ਰਾਗ ਨਾਦ ਹੱਥ ਬੰਨੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿੱਚ ਆਈਦਾ ਹੈ ਤਾਂ ਅਜਗੈਬੀ ਰਾਗ ਆਪੇ ਹੀ ਸਫਰਨ ਹੁੰਦੇ ਹਨ। (ਗੁਰਮਤਿ ਲੇਖ, ਪੰਨਾ 117) ਆਪ ਦੀਆਂ ਕੀਰਤਨ ਰੀਤਾਂ ਸ਼ਬਦ ਦੇ ਭਾਵ ਅਨੁਸਾਰ ਹੁੰਦੀਆਂ ਸਨ ਜੇ ਸ਼ਬਦ ਵੈਰਾਗ ਦਾ ਹੁੰਦਾ ਤਾਂ ਗਾਇਨ ਰੀਤ ਵੈਰਾਗ ਭਰਪੂਰ ਹੁੰਦੀ ਸੀ। ਇਹ ਰੀਤਾਂ ਭਾਵੇਂ ਨਿਰਧਾਰਿਤ ਰਾਗ ਤੇ ਨਹੀਂ ਸੀ ਹੁੰਦੀਆਂ ਪਰ ਕਿਸੇ ਨਾ ਕਿਸੇ ਰਾਗ ਦੀ ਝਲਕ ਆਪਣੇ ਆਪ ਹੀ ਮਿਲਣ ਲਗਦੀ ਸੀ। ਆਪ ਸਮਝਦੇ ਸਨ ਕਿ ਸ਼ਬਦ-ਤਰੰਗੀ ਰਸ ਜੋਤਿ ਵਿਗਾਸੀ ਮਨਾਂ ਦੇ ਰੋਮ ਰੋਮ ਅੰਦਰ ਹੀ ਹਰਿ ਕੀਰਤਨ ਦਾ ਸੋਮਾ ਫੁਟ ਪੈਂਦਾ ਹੈ। ਜਦ ਕੀਰਤਨ ਧੁਰ ਅੰਦਰੋਂ ਨਿਕਲਦਾ ਹੈ ਤਾਂ

ਇਹ ਆਪਣੇ ਆਪ ਹੀ ਰਾਗ ਬੱਧ ਹੋ ਜਾਂਦਾ ਹੈ। ਆਪ ਹਰਿ ਕੀਰਤਨ ਨਿਬੰਧ ਵਿੱਚ ਇੱਕ ਹੱਡ ਬੀਤੀ ਬਿਆਨ ਕਰਦੇ ਹਨ–

——ਇੱਕ ਵਾਰ ਦਾ ਜ਼ਿਕਰ ਹੈ ਅਸੀਂ ਪਿੰਡ ਧਾਂਦਰੇ ਜ਼ਿਲਾ ਲੁਧਿਆਣਾ ਵਿਖੇ ਕੀਰਤਨ ਵਿਚ ਮਸਤ ਹੋਏ ਪਏ ਸਾਂ ਕਿ ਇਕ ਸੂਰਮਾਂ ਸਿੰਘ ਕਿਧਰੋਂ ਆ ਕੇ ਜੋੜੀ ਵਜਾਉਣ ਲੱਗ ਪਿਆ। ਅਸੀਂ ਉਸ ਵੇਲੇ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਵੀ ਇਵੇਂ ਹੀ ਸਾਰਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੋਈ ਸੂਝ ਨਹੀਂ ਸੀ। ਕੀਰਤਨ ਦੇ ਬਾਲ ਸੁਭਾਵੀ ਚਾਓ ਵਿੱਚ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਗੁਰੂ ਦੀ ਕਿਰਪਾ ਦੁਆਰਾ ਇਹ ਜ਼ਰੂਰ ਮਹਿਸੂਸ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਿਆ ਹੈ। ਜਦ ਰਾਗ ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ ਤਾਂ ਖੂਬ ਕੀਰਤਨ ਹੋਇਆ। ਉਸ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ ਜਦ ਉਸ ਨੇ ਜਥੇ ਨੂੰ ਸੁਰਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਉਪਰੰਤ ਉਸ ਨੇ ਇਕ ਰਾਗ ਦੇ ਜਾਣੂ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ ਰਾਗ ਵਿੱਦਿਆ ਦੇ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਸੀ ਕਿ ਇਹ ਜਥਾ ਸੰਘ ਪਾੜਨਾ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ। ਪਰ ਅੱਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤ੍ਰੰਗ–ਤਰਾਨਿਆਂ ਵਿੱਚ ਇਸ ਜਥੇ ਨੂੰ ਸੁਣ ਕੇ ਉਹ ਅਨੰਦ ਆਇਆ, ਜਿਹੜਾ ਅੱਗੇ ਕਦੇ ਨਹੀਂ ਆਇਆ। ਇਹ ਸੁਣ ਕੇ ਅਸੀਂ ਮਨ ਹੀ ਮਨ ਅੰਦਰ ਹੱਸੇ ਕਿ ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਰਾਗ ਬਿਲਾਵਲ ਕਿਹੜਾ ਹੈ, ਕਿਵੇਂ ਤੇ ਕਿਸ ਵੇਲੇ ਗਾਈਦਾ ਹੈ।(ਗੁਰਮਤਿ ਲੇਖ– ਪੰਨਾ 118)

ਅੱਜ ਕਲ੍ਹ ਇਸ ਕੀਰਤਨੀ ਜਥੇ ਨਾਲ ਸਬੰਧਤ ਬਹੁਤੇ ਜਥੇ ਕੀਰਤਨ ਕਰਦਿਆਂ ਗੁਰ ਮੰਤਰ ਵਾਹਿਗੁਰੂ ਦਾ ਜਾਪ ਕੁਝ ਵਧੇਰੇ ਹੀ ਕਰਾਉਂਦੇ ਹਨ। ਕਈ ਜਥੇ ਪ੍ਰਮਾਣਾਂ ਤੇ ਬਹੁਤਾ ਜ਼ੋਰ ਲਗਾਉਂਦੇ ਹਨ। ਪਰ ਭਾਈ ਰਣਧੀਰ ਸਿੰਘ ਕੀਰਤਨ ਕਰਦਿਆਂ ਇੱਕ ਹੀ ਤੁੱਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਦੁਹਰਾਉਂਦੇ ਸਨ। ਉਹਨਾਂ ਦੀ ਕੀਰਤਨ ਵਿਧੀ ਬਾਰੇ ਪ੍ਰਿੰਸੀਪਲ ਗੁਰਮੁਖ ਸਿੰਘ ਦਾ ਵਿਚਾਰ ਹੈ ਕਿ ਨਾਮ ਸਿਮਰਨ ਅਤੇ ਪ੍ਰਮਾਣਾਂ ਵਾਲੀ ਵਿਧੀ ਭਾਈ ਮਹਿੰਦਰ ਸਿੰਘ ਐਸ਼ ਡ਼ੀ ਓ਼ ਨੇ ਵਧੇਰੇ ਕਰ ਕੇ ਅਪਣਾਈ। ਆਪ ਅੰਖਡ ਕੀਰਤਨੀ ਜਥੇ ਦੇ ਮਾਸਿਕ ਪੱਤਰ ਸੂਰਾ ਵਿੱਚ ਲਿਖਦੇ ਹਨ– ਆਪ (ਭਾਈ ਰਣਧੀਰ ਸਿੰਘ ਜੀ) ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ ਪ੍ਰੇਮ ਨਾਲ ਗਾਇਨ ਕਰਦੇ ਸਨ। ਆਪ ਅਤੇ ਉਹਨਾਂ ਦੇ ਸਾਥੀ ਕੀਰਤਨ ਵਿੱਚ ਗੁਰਮੰਤ੍ਰ ਦੀ ਧੁਨੀ ਨਹੀਂ ਸੀ ਲਾਉਂਦੇ। ਕਿਤੇ ਕਿਤੇ ਉਹਨਾਂ ਦੇ ਮੁਖਾਰਬਿੰਦ ਤੋਂ ਗੁਰੂ ਗੁਰੂ ਦੀ ਆਵਾਜ਼ ਆਉਂਦੀ ਹੁੰਦੀ, ਪਰ ਉਹ ਕੀਰਤਨ ਅਖੰਡ ਕਰਦੇ ਸਨ। ਅੱਜ ਅਖੰਡ ਕੀਰਤਨੀ ਜਥੇ ਵਿੱਚ ਉਹਨਾਂ ਵੱਲੋਂ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਬਦਲ ਗਿਆ ਹੈ। ਅਜੋਕੇ ਕੀਰਤਨੀਏ ਇਹ ਸਮਝਦੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤ੍ਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਵੇ। ਉਹ ਆਪਣੇ ਕੀਰਤਨ ਵਿੱਚ ਅੱਧਾ ਸਮਾਂ ਵਾਹਿਗੁਰੂ ਵਾਹਿਗੁਰੂ ਦੇ ਜਾਪ ਉਪਰ ਹੀ ਲਾ ਦਿੰਦੇ ਹਨ। ਇਉਂ ਇਹ ਨਾ ਅਖੰਡ ਕੀਰਤਨ ਰਹਿੰਦਾ ਹੈ ਤੇ ਨਾ ਹੀ ਅਖੰਡ ਅਭਿਆਸ। ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਅਖੰਡ ਕੀਰਤਨ ਹੀ ਕਰਦੇ ਸਨ। ਸੰਗਤੀ ਅਭਿਆਸ ਦਾ ਰਿਵਾਜ 1960 ਤੋਂ ਬਾਅਦ ਅਰੰਭ ਹੋਇਆ ਜੋ ਅੱਗੇ ਤੋਂ ਜ਼ੋਰ ਫੜ ਗਿਆ। (ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਕੀਰਤਨ ਸ਼ੈਲੀ, ਸੂਰਾ, ਜੁਲਾਈ 1996 ਪੰਨਾ 38)

ਇਸ ਤਰ੍ਹਾਂ ਭਾਈ ਸਾਹਿਬ ਨੇ ਸਾਰੀ ਉਮਰ ਗੁਰਬਾਣੀ ਦੇ ਨਾਮ ਰੰਗ ਵਿੱਚ ਆਪਣੇ ਆਪ ਨੂੰ ਰੰਗ ਕੇ ਇਲਾਹੀ ਬਾਣੀ ਦਾ ਨਿਰਬਾਣ ਕੀਰਤਨ ਕੀਤਾ। ਡਾ਼ ਗੁਲਜਾਰ ਸਿੰਘ ਕੰਗ ਲਿਖਦੇ ਹਨ਼ ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਭਾਈ ਸਾਹਿਬ ਕੀਰਤਨ ਨੂੰ ਪ੍ਰਭੂ ਮਿਲਾਪ ਦਾ ਸਾਧਨ ਅਤੇ ਰੂਹ ਦੀ ਖੁਰਾਕ ਸਮਝਦੇ ਸਨ।

ਅਖੰਡ ਕੀਰਤਨ ਦੀ ਇਸ ਪਰੰਪਰਾ ਰਾਹੀਂ ਹੀ ਆਪ ਨੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕੀਤਾ । ਆਪ ਵੱਲੋਂ ਸਥਾਪਿਤ ਕੀਤੀ ਗਈ ਅਖੰਡ ਕੀਰਤਨੀ ਜਥੇ ਦੀ ਸੰਸਥਾ ਨੇ ਸਿੱਖੀ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਇੱਕੋ ਇੱਕ ਮਨੋਰਥ ਗੁਰਸਿੱਖ ਪਰਿਵਾਰਾਂ ਨੂੰ ਅ੍ਰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਕੇ ਨਾਮ ਜਪਣ ਲਈ ਪ੍ਰੇਰਿਤ ਕਰਨਾ ਹੈ। ਸਿੱਖੀ ਦੇ ਪ੍ਰਚਾਰ ਪਾਸਾਰ ਲਈ ਇਹ ਜਥਾ ਹੁਣ ਵੀ ਤਤਪਰ ਹੈ ਅਤੇ ਦੇਸ ਪਰਦੇਸ ਵਿੱਚ ਸਿੱਖ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। (ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ ਪੰਨਾ-123)

ਹੁਣ ਇਸ ਜਥੇ ਨਾਲ ਸਬੰਧਤ ਕਈ ਸਿੰਘ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦੀ ਸਾਂਭ ਸੰਭਾਲ ਲਈ ਜਤਨਸ਼ੀਲ ਹਨ। ਡਾ ਗੁਰਨਾਮ ਸਿੰਘ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਿਸਟੀ ਪਟਿਆਲਾ ਦੀ ਪ੍ਰੇਰਨਾ ਨਾਲ ਕਨੇਡਾ ਵਿੱਖੇ ਰਹਿ ਰਹੇ ਮਾਸਟਰ ਉਜਾਗਰ ਸਿੰਘ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਪੰਜਾਬੀ ਯੂਨੀਵਰਿਸਟੀ ਵਿੱਚ ਭਾਈ ਰਣਧੀਰ ਸਿੰਘ ਔਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਸਥਾਪਤ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਲਾਇਬ੍ਰੇਰੀ ਵਿੱਚ ਜਿਥੇ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਨੂੰ ਔਨ ਲਾਈਨ ਕੀਤਾ ਗਿਆ ਹੈ, ਉੱਥੇ ਗੁਰਮਤਿ ਸੰਗੀਤ ਨਾਲ ਸਬੰਧਤ ਪੁਸਤਕਾਂ ਵੀ ਹੁਣ ਘਰ ਬੈਠਿਆਂ ਕੰਪਿਊਟਰ ਰਾਹੀਂ ਵਾਚੀਆਂ ਜਾ ਸਕਦੀਆਂ ਹਨ।

# ਵਸ਼ਿਸ਼ਟ ਗੁਰਬਾਣੀ ਗਾਇਕਭਾਈ ਦੇਵਿੰਦਰ ਸਿੰਘ

## ਨਵਜੋਤ ਕੌਰ ਕਸੇਲ ਪੁਸਤਕ – ਪੰਜਾਬ ਦਾ ਸਮਕਾਲੀ ਸੰਗੀਤ ਵਿੱਚੋਂ

### 1. ਗੁਰਮਤਿ ਵਿੱਚ ਕੀਰਤਨ ਦਾ ਅਦੁੱਤੀ ਮਹੱਤਵ

ਸਮੁੱਚੇ ਭਾਰਤ ਦੇ ਸਾਂਸਕ੍ਰਿਤਕ ਜੀਵਨ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸਭਿਆਚਾਰ ਅਤੇ ਕਲਾ ਉੱਤੇ ਗੁਰਮਤਿ ਨੇ ਆਪਣੀ ਵਿਸ਼ੇਸ਼ ਛਾਪ ਲਾਈ ਹੈ। ਗੁਰਮਤਿ ਜਾਂ ਸਿੱਖ ਜੀਵਨ ਦਰਸ਼ਨ ਦਾ ਮੁੱਖ ਆਧਾਰ ਅਤੇ ਟੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜੋ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਅਤੇ ਅਦੁਤੀ ਭੰਡਾਰ ਹੈ। ਗੁਰਬਾਣੀ ਉਚਕੋਟੀ ਦੀ ਕਾਵਿ–ਰਚਨਾ ਹੈ। ਸੰਗੀਤ ਅਤੇ ਰਾਗ ਨਾਲ ਇਸ ਦਾ ਅਟੁੱਟ ਸੰਬੰਧ ਹੈ। ਗੁਰਬਾਣੀ ਦਾ ਬਹੁਤ ਸਾਰਾ ਭਾਗ ਰਾਗਾਂ ਅਨੁਸਾਰ ਰਚਿਆ ਗਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਨੂੰ 31 ਰਾਗਾਂ ਦੇ ਸਿਰਲੇਖਾਂ ਅਧੀਨ ਅੰਕਿਤ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਵਰਗੇ ਪ੍ਰਮੁੱਖ ਗੁਰਮਤਿ ਆਚਾਰੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਦਾ ਹੀ ਉਲੇਖ ਕਰਦੇ ਹਨ, ਪਰ ਵਰਤਮਾਨ ਕਾਲ ਦੇ ਸੰਗੀਤ ਖੋਜੀਆਂ ਪ੍ਰੋ. ਤਾਰਾ ਸਿੰਘ ਅਤੇ ਡਾ. ਜੋਗਿੰਦਰ ਸਿੰਘ ਬਾਵਰਾ ਨੇ ਇਨ੍ਹਾਂ ਰਾਗਾਂ ਦੀ ਗਿਣਤੀ 65 ਦੇ ਲਗਭਗ ਦੱਸੀ ਹੈ ਜੋ ਸੰਗੀਤ ਦੀ ਕ੍ਰਿਆਤਮਕ ਦ੍ਰਿਸ਼ਟੀ ਤੋਂ ਠੀਕ ਸਿੱਧ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਂ ਵਿੱਚ ਹੋਣਾ ਹੀ ਸਿੱਧ ਕਰਦਾ ਹੈ ਕਿ ਇਸ ਰੱਬੀ ਬਾਣੀ ਦਾ ਆਪਣਾ ਹੀ ਵਿਸ਼ੇਸ਼ ਸੰਗੀਤ ਪ੍ਰਬੰਧ ਅਤੇ ਗਾਇਨ ਵਿਧਾਨ ਹੈ। ਭਾਰਤੀ ਸੰਗੀਤ ਵਿੱਚ ਨਿਸ਼ਚੈ ਹੀ ਗੁਰਮਤਿ ਸੰਸਕ੍ਰਿਤੀ ਨੇ ਕਈ ਪ੍ਰਣਾਲੀਆਂ ਦਾ ਵਾਧਾ ਕੀਤਾ ਹੈ। ਇਨ੍ਹਾਂ ਵਿੱਚੋਂ ਹੀ ਇੱਕ ਵਿਸ਼ੇਸ਼ ਸੰਗੀਤ ਪ੍ਰਣਾਲੀ ਸਿੱਖ ਕੀਰਤਨਕਾਰਾਂ ਜਾਂ ਗੁਰਬਾਣੀ ਗਾਇਕਾਂ ਦੀ ਹੈ, ਜਿਨ੍ਹਾਂ ਦੀ ਨਿਰੰਤਰ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਵਰਤਮਾਨ ਕਾਲ ਤੱਕ ਚਲੀ ਆ ਰਹੀ ਹੈ। ਸਿੱਖ ਪਰੰਪਰਾ ਅਨੁਸਾਰ ਗੁਰਬਾਣੀ ਦੇ ਗਾਇਕਾਂ ਨੂੰ ਰਬਾਬੀ ਜਾਂ ਰਾਗੀ ਕਰਕੇ ਜਾਣਿਆ ਜਾਂਦਾ ਰਿਹਾ ਹੈ। ਰਬਾਬੀ ਪਰੰਪਰਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨਾ ਦੀ ਸੰਤਾਨ ਦਾ ਵਧੇਰੇ ਯੋਗਦਾਨ ਹੈ। ਰਬਾਬ ਅਤੇ ਹੋਰ ਤਾਰਦਾਰ ਸਾਜ਼ਾ ਦੁਆਰਾ ਕੀਰਤਨ ਕਰਨ ਕਾਰਣ ਇਨ੍ਹਾਂ ਨੂੰ ਰਬਾਬੀਆਂ ਦੀ ਸੰਗਿਆ ਦਿੱਤੀ ਗਈ ਹੈ। ਪਰ ਰਾਗੀਆਂ ਦਾ ਵੀ ਉਤਨਾ ਹੀ ਵਡੇਰਾ ਯੋਗਦਾਨ ਹੈ। ਇਹ ਉਹ ਗੁਰੂ ਵਰੋਸਾਏ ਗਾਇਕ–ਜਨ ਸਨ, ਜਿਨ੍ਹਾਂ ਨੂੰ ਗੁਰੂ ਘਰ ਵਲੋਂ ਗੁਰਬਾਣੀ ਨੂੰ ਗਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਅਨੰਦ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਦਾ ਕਥਨ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ॥
ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ॥
(ਰਾਮਕਲੀ ਮਹਲਾ 3 ਅਨੰਦ॥)

ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਿਰ ਸੁਖੁ ਘਰਿ ਲੈ ਜਾਇ॥

ਅਰਥਾਤ ਗੁਰਬਾਣੀ ਦੇ ਗਾਉਣ ਅਤੇ ਹਰੀ ਦਾ ਕੀਰਤਨ ਕਰਨ ਨਾਲ ਅਤੇ ਉਸ ਨੂੰ ਸੁਣਨ ਨਾਲ ਮਨ ਵਿੱਚ ਪ੍ਰਭੂ ਦਾ ਪ੍ਰੇਮ ਉਤਪੰਨ ਹੁੰਦਾ ਹੈ। ਫਲਸਰੂਪ ਮਨ ਦੇ ਸਾਰੇ ਕਲ–ਕਲੇਸ਼ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਵਿੱਚ ਸਹਿਜ ਅਨੰਦ ਦਾ ਸੁਖਮਈ ਵਾਸਾ ਹੁੰਦਾ ਹੈ।

ਗੁਰੂ ਸਾਹਿਬਾਨ ਦੇ ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ ਹੀ ਇਨ੍ਹਾਂ ਰਬਾਬੀਆਂ ਅਤੇ

ਰਾਗੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਜਗਿਆਸੂਆਂ ਅਤੇ ਸੰਸਾਰੀਆਂ ਨੂੰ ਨਾਮ ਅੰਮ੍ਰਿਤ ਦੀ ਵਰਖਾ ਕਰਕੇ ਉਨ੍ਹਾਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ। ਇਹ ਇੱਕ ਪ੍ਰਕਾਰ ਦਾ ਸੰਗੀਤ ਦਾ ਮਾਰਗੀ ਲਕਸ਼ ਹੀ ਸੀ ਜੋ ਇਨ੍ਹਾਂ ਰਾਗੀਆਂ ਅਤੇ ਰਬਾਬੀਆਂ ਨੇ ਆਪਣੀ ਕਲਾ ਸਾਧਨਾ ਦੁਆਰਾ ਨਿਭਾਇਆ। ਮਹਾਨ ਕੋਸ਼ ਵਿੱਚ ਕੀਰਤਨ ਦੀ ਸ਼ਾਬਦਿਕ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ, 'ਗੁਰਮਤਿ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ "ਕੀਰਤਨ ਨਾਮੁ ਸਿਮਰਤ ਰਹਉ", (ਬਿਲਾਵਨ ਮ:ਪ)[1]

ਰਾਗ ਦੇ ਸੰਬੰਧ ਵਿੱਚ ਨਿਮਨ ਲਿਖਤ ਪਰਿਭਾਸ਼ਾ ਕੀਤੀ ਗਈ ਹੈ, "ਸੰਗੀਤ ਵਿਦਯਾ ਅਨੁਸਾਰ ਸ੍ਵਰ-ਪ੍ਰਬੰਧ, ਜਿਸ ਦੇ ਸੁਣਨ ਤੋਂ ਮਨ ਵਿੱਚ ਰਾਗ (ਪ੍ਰੇਮ) ਉਪਜੇ, ਰਾਗ ਦਾ ਮੂਲ ਸ਼ੜਜ, ਰਿਸ਼ਭ, ਗੰਧਾਰ, ਮਧਿਅਮ, ਪੰਚਮ, ਧੈਵਤ ਅਤੇ ਨਿਸ਼ਾਦ ਵਿੱਚ ਸੱਤ ਸੁਰ ਹਨ, ਰਾਗ ਨਾਦ ਸਬਦਿ ਸੋਹਣੇ" (ਮ: 3 ਵਾਰ ਬਿਲਾਵਲ)[2].

ਰਾਗੀ ਦੇ ਸ਼ਾਬਦਕ ਅਰਥ ਵੀ ਉਸ ਗਾਇਕ ਦੇ ਹਨ ਜੋ ਰਾਗ ਅਨੁਸਾਰ ਗੁਰਬਾਣੀ ਦਾ ਕੀਰਤਨ ਪ੍ਰੇਮ ਰੰਗ ਵਿੱਚ ਰੰਗ ਕੇ ਕਰਦਾ ਹੈ। 1. ਰਾਗੀ-ਪ੍ਰੇਮੀ 2. ਸੰਗਯਾ-ਰਾਗ (ਸ੍ਵਰ ਆਲਾਪ) ਕਰਨ ਵਾਲਾ, ਗਾਯਕ, ਗਵੈਯਾ ਖਾਸ ਕਰਕੇ ਗੁਰਬਾਣੀ ਦਾ ਕੀਰਤਨ ਕਰਨ ਵਾਲਾ।"[3]

ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਪ੍ਰਮੁੱਖ ਗੁਰਦੁਆਰਿਆਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਵਾਲੇ ਗਾਇਕਾਂ ਨੂੰ 'ਹਜ਼ੂਰੀ ਰਾਗੀ' ਹੋਣ ਦਾ ਮਾਣ ਬਖ਼ਸ਼ਿਆ ਗਿਆ ਹੈ। ਇਨ੍ਹਾਂ ਗਾਇਕਾਂ ਦੀ ਸਥਾਪਿਤ ਪਰੰਪਰਾ ਵੀ ਸਿੱਖ ਗੁਰੂ ਸਾਹਿਬਾਨ ਜਿਨੀ ਹੀ ਪੁਰਾਤਨ ਹੈ ਅਤੇ ਇਨ੍ਹਾਂ ਦੀ ਗਾਇਕੀ ਅਤੇ ਗਾਇਨ ਸ਼ੈਲੀ ਦਾ ਨਿਵੇਕਲਾ ਹੀ ਵਿਧੀ ਵਿਧਾਨ ਹੈ। ਗੁਰਮਤਿ ਦੀ ਇਸ ਸੰਗੀਤ ਪਰੰਪਰਾ ਨੇ ਪੰਜਾਬ ਦੇ ਇਸ ਅਧਿਆਤਮਕ ਸੰਗੀਤ ਨੂੰ ਵਿਸ਼ਵ-ਵਿਆਪੀ ਪ੍ਰਸਿੱਧੀ ਤੇ ਮਹਾਨਤਾ ਦਿੱਤੀ ਹੈ।

ਇਸ ਸਿੱਖ ਅਧਿਆਤਮਕ ਸੰਗੀਤ ਪਰੰਪਰਾ ਨਾਲ ਸੰਬੰਧਤ ਵਰਤਮਾਨ ਸਮੇਂ ਦੇ ਇੱਕ ਪ੍ਰਮੁੱਖ ਗਾਇਕ ਅਤੇ ਕੀਰਤਨਕਾਰ ਭਾਈ ਦੇਵਿੰਦਰ ਸਿੰਘ ਦੀ ਕਲਾ ਸਾਧਨਾ ਅਤੇ ਦੇਣ ਬਾਰੇ ਅਗਲੇ ਪੰਨਿਆਂ ਵਿੱਚ ਚਰਚਾ ਕੀਤੀ ਗਈ ਹੈ। ਇਸ ਪ੍ਰਮੁੱਖ ਕੀਰਤਨਕਾਰ ਨੂੰ ਅਸੀਂ ਇਸ ਪਰੰਪਰਾ ਦੇ ਪ੍ਰਤੀਨਿਧ ਗਾਇਕ ਵਜੋਂ ਸੁਣਿਆ ਹੈ, ਜਿਸ ਨੇ ਬਚਪਨ ਤੋਂ ਲੈ ਕੇ ਪ੍ਰੌੜ ਆਯੂ ਤੱਕ ਇਸ ਪਰੰਪਰਾ ਨਾਲ ਸਕਰਮਕ ਰੂਪ ਵਿੱਚ ਆਪਣੇ ਆਪ ਨੂੰ ਜੋੜੀ ਰੱਖਿਆ ਹੈ ਅਤੇ ਆਪਣੇ ਸੰਗੀਤ ਦੇ ਵਿਸ਼ੇਸ਼ ਅਤੇ ਵਿਅਕਤੀਗਤ ਅਨੁਭਵ ਦੁਆਰਾ ਇਸ ਪਰੰਪਰਾ ਨੂੰ ਕੁਝ ਨਵੀਆਂ ਦੇਣਾਂ ਦੇ ਕੇ ਇਸ ਦਾ ਹੋਰ ਵਿਸਥਾਰ ਕੀਤਾ ਹੈ। ਸੰਜੋਗ-ਵਸ ਇਹ ਕੀਰਤਨਕਾਰ ਭਾਰਤ ਦੀ ਸ਼ਾਸਤਰੀ ਗਾਇਕੀ ਅਤੇ ਸੁਗਮ ਸੰਗੀਤ ਦਾ ਵੀ ਵਿਸ਼ਾਲ ਗਿਆਨ ਅਤੇ ਅਨੁਭਵ ਰੱਖਦਾ ਹੈ। ਅਕਾਲ ਪੁਰਖ ਨੇ ਉਸ ਨੂੰ ਇਕ ਮਧੁਰ ਕੰਠ ਅਤੇ ਸੁਰੀਲੀ ਆਵਾਜ਼ ਦੀ ਦਾਤ ਬਖ਼ਸ਼ੀ ਹੈ। ਇਸ ਤੋਂ ਬਿਨ੍ਹਾਂ ਇਕ ਸੁਚੀ ਲਗਨ ਅਤੇ ਪ੍ਰੇਮ ਦੀ ਦਾਤ ਵੀ ਜਿਸ ਤੋਂ ਬਿਨਾਂ ਸੰਗੀਤ ਕਲਾ ਵਿੱਚ ਪ੍ਰਵੀਨਤਾ ਪ੍ਰਾਪਤ ਕਰ ਸਕਣੀ ਅਤਿ ਕਠਿਨ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

"ਜਿਨ ਕਉ ਨਦਰਿ ਕਰਮ ਤਿਨਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ ਜਪ 38॥"

**2. ਸੰਗੀਤ ਦਾ ਪਿਤਰੀ ਵਿਰਸਾ**

ਭਾਈ ਦੇਵਿੰਦਰ ਸਿੰਘ ਦਾ ਜਨਮ ਅਣਵੰਡੇ ਭਾਰਤ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਕਰਗੜ੍ਹ ਤਹਿਸੀਲ (ਜੋ ਅੱਜ ਕੱਲ ਪਾਕਿਸਤਾਨ ਦਾ ਇੱਕ ਭਾਗ) ਦੇ ਇੱਕ ਪਿੰਡ ਦੌਲਤ ਚੱਕ ਵਿਖੇ 10 ਦਸੰਬਰ, 1929 ਨੂੰ ਹੋਇਆ। ਇਸ ਪਿੰਡ ਨੂੰ ਨੈਨਾਕੋਟ ਡਾਕਖਾਨਾ ਲੱਗਦਾ ਸੀ। ਆਪ ਜੀ ਦੇ ਪਿਤਾ ਭਾਈ ਮਹਿਤਾਬ ਸਿੰਘ ਜੀ ਆਪਣੇ ਸਮੇਂ ਦੇ ਪ੍ਰਸਿੱਧ

---

1 ਗੁਰੁਸ਼ਬਦ ਰਤਨਾਕਰ ਮਹਾਲ ਕੋਸ਼, ਕਾਨ੍ਹ ਸਿੰਘ ਨਾਭਾ, ਪੰਨਾ 332

2 ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਉਹੀ, ਪੰਨਾ 1027

3 ਗੁਰੁਸ਼ਬਦ ਰਤਨਾਕਰ, ਮਹਾਨ ਕੋਸ਼, 'ਕਾਨ੍ਹ ਸਿੰਘ ਨਾਭਾ', ਪੰਨਾ 1028

ਰਾਗੀ ਰਹਿ ਚੁੱਕੇ ਹਨ। ਇਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਹੋਣ ਤੋਂ ਬਿਨ੍ਹਾਂ ਗੁਰੂ ਘਰ ਦੀ ਇਹ ਸੇਵਾ ਸ੍ਰੀ ਪੰਜਾ ਸਾਹਿਬ ਤੇ ਹੋਰ ਸਥਾਨਾਂ ਤੇ ਵੀ ਨਿਭਾਈ ਹੈ। ਪਿੱਛੋਂ ਆਪ ਕਾਫੀ ਸਮਾਂ ਕਲਕੱਤਾ ਵਿਖੇ ਗੁਰਦੁਆਰਾ 'ਬੜੀ ਸੰਗਤ' ਵਿੱਚ ਵੀ ਗੁਰੂ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਆਪ ਉੱਤੇ ਸਮੇਂ ਦੇ ਉਚਕੋਟੀ ਦੇ ਕੀਰਤਨਾਕਾਰਾਂ ਤੇ ਰਾਗੀਆਂ, ਵਿਸ਼ੇਸ਼ ਕਰਕੇ ਭਾਈ ਚਾਂਦ ਅਤੇ ਭਾਈ ਲਾਲ ਦਾ ਬਹੁਤ ਪ੍ਰਭਾਵ ਸੀ। ਇਨ੍ਹਾਂ ਦਾ ਅੰਸ਼ ਵੀ ਇਨ੍ਹਾਂ ਦੀ ਗਾਇਕੀ ਵਿੱਚ ਮੌਜੂਦ ਸੀ। ਭਾਈ ਦੇਵਿੰਦਰ ਸਿੰਘ ਦੇ ਮਾਤਾ ਜੀ ਸੰਗੀਤ ਪ੍ਰੇਮੀ ਸਨ। ਉਹ ਪ੍ਰਸਿੱਧ ਸਿੱਖ ਵਿਦਵਾਨ, ਸਾਹਿਤਕਾਰ ਅਤੇ ਕਵੀ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਦੀ ਸਪੁੱਤਰੀ ਸਨ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦੇ ਤੌਰ ਤੇ ਵੀ ਕੰਮ ਕਰਦੇ ਰਹੇ ਹਨ ਅਤੇ ਕਈ ਸਾਲ ਸ੍ਰੀ ਮੰਜੀ ਸਾਹਿਬ ਵਿਖੇ ਸ਼ਾਮ ਨੂੰ ਕਥਾ ਵੀ ਕਰਦੇ ਰਹੇ ਹਨ। ਆਪ ਜੀ ਦਾ ਸਿੱਖ ਸਭਿਆਚਾਰ ਦੇ ਨਵ-ਨਿਰਮਾਣ ਵਿੱਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੈ। ਸਿੱਖ ਇਤਿਹਾਸ ਸੰਬੰਧੀ ਦਰਜਨਾਂ ਕਾਵਿ ਪੁਸਤਕਾਂ ਨੂੰ ਸਰਲ ਪੰਜਾਬੀ ਕਵਿਤਾ ਵਿੱਚ ਰਚ ਕੇ ਉਨ੍ਹਾਂ ਨੇ ਸਮੁੱਚੇ ਸਿੱਖ ਸਮਾਜ ਨੂੰ ਮੱਧ ਕਾਲ ਦੇ ਸ਼ਿੰਗਾਰਰਸੀ ਕਿੱਸਿਆਂ ਵਲੋਂ ਹਟਾ ਕੇ ਸਿੱਖ ਇਤਿਹਾਸ ਅਤੇ ਗੁਰੂ ਘਰ ਨਾਲ ਜੋੜਿਆ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਈ ਦੇਵਿੰਦਰ ਸਿੰਘ ਜੀ ਨੂੰ ਗੁਰਮਤਿ ਦਾ ਪ੍ਰੇਮ ਅਤੇ ਗੁਰੂ ਕੀਰਤਨ ਦੀ ਦਾਤ ਵਿਰਸੇ ਵਿੱਚ ਹੀ ਮਿਲੀ ਹੈ।

ਜਿਸ ਘਰ ਵਿੱਚ ਗੁਰਬਾਣੀ ਦਾ ਗਾਇਨ ਅਤੇ ਕੀਰਤਨ ਨਾਲ ਪ੍ਰੇਮ ਦੇ ਰੂਪ ਵਿੱਚ ਸੰਗੀਤ ਦਾ ਪ੍ਰਵਾਹ ਚਲ ਰਿਹਾ ਹੋਵੇ, ਉਸ ਤੋਂ ਉਸ ਘਰ ਦੀ ਸੰਤਾਨ ਕਿਵੇਂ ਵਿਰਵੀ ਰਹਿ ਸਕਦੀ ਹੈ? ਇਹੋ ਕਾਰਣ ਹੈ ਕਿ ਭਾਈ ਦੇਵਿੰਦਰ ਸਿੰਘ ਤੇ ਉਨ੍ਹਾਂ ਦੇ ਹੋਰ ਭਾਈ ਸਾਰੇ ਹੀ ਇਸ ਦਾਤ ਤੋਂ ਵਿਰੋਸਾਏ ਹੋਏ ਹਨ। ਆਪ ਜੀ ਦੇ ਛੋਟੇ ਭਾਈ 'ਭਾਈ ਓਂਕਾਰ ਸਿੰਘ ਵੀ ਚੰਗੇ ਕੀਰਤਨਕਾਰ ਹਨ।'

ਭਾਈ ਮਹਿਤਾਬ ਸਿੰਘ ਜੀ ਦੇ ਦੇਵਿੰਦਰ ਸਿੰਘ ਵੱਡੇ ਪੁੱਤਰ ਸਨ। ਇਸ ਲਈ ਕੁਦਰਤੀ ਸੀ ਕਿ ਭਾਈ ਦੇਵਿੰਦਰ ਸਿੰਘ ਉਨ੍ਹਾਂ ਦੀ ਇਸ ਪੂੰਜੀ ਨੂੰ ਵਧੇਰੇ ਉਦਾਰਤਾ ਨਾਲ ਗ੍ਰਹਿਣ ਕਰਦੇ। ਜਦੋਂ ਦੇਵਿੰਦਰ ਸਿੰਘ ਥੋੜ੍ਹੀ ਵੱਡੀ ਉਮਰ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਜੀ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਦੇ ਇਤਿਹਾਸਕ ਗੁਰੂ ਧਾਮ ਵਿੱਚ ਕੀਰਤਨ ਦੀ ਸੇਵਾ ਕਰਦੇ ਸਨ। ਇਸ ਬਾਰੇ ਇਲਾਕੇ ਵਿੱਚ ਇਹ ਬੜਾ ਰਮਣੀਕ ਸਥਾਨ ਹੈ ਅਤੇ ਆਲੇ ਦੁਆਲੇ ਦੀ ਸੰਗਤ ਉਸ ਸਮੇਂ ਹੁੰਮ-ਹੁਮਾ ਕੇ ਇੱਥੇ ਪੁਜਦੀ ਸੀ। ਦੇਵਿੰਦਰ ਸਿੰਘ ਦੀ ਮੁਢਲੀ ਸਿੱਖਿਆ ਸਰ ਸਿੰਕਦਰ-ਹਯਾਤ ਖਾਂ ਮਿਡਲ ਸਕੂਲ ਹਸਨ ਅਬਦਾਲ ਵਿੱਚ ਹੀ ਹੋਈ। ਪਿਛੋਂ ਜਦੋਂ ਆਪ ਜੀ ਦੇ ਪਿਤਾ ਜੀ ਅੰਮ੍ਰਿਤਸਰ ਵਿਖੇ ਨਿਵਾਸ ਰੱਖਣ ਲੱਗ ਪਏ ਤਾਂ ਆਪ ਗੁਰੂ ਰਾਮਦਾਸ ਹਾਈ ਸਕੂਲ ਵਿੱਚ ਦਾਖਲ ਹੋਏ। ਇੱਥੋਂ ਹੀ ਆਪ ਨੇ ਮੈਟ੍ਰਿਕ ਪਾਸ ਕੀਤੀ ਅਤੇ ਪਿਛੋਂ 1951-52 ਵਿੱਚ ਪੰਜਾਬ ਯੂਨੀਵਰਸਿਟੀ ਦੀ ਗਿਆਨੀ ਪ੍ਰੀਖਿਆ ਪਾਸ ਕਰ ਲਈ। ਪਿਛੋਂ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਬੀ.ਏ. ਪਾਸ ਕਰ ਲਈ 1947 ਦੀ ਦੇਸ਼ ਵੰਡ ਸਮੇਂ ਇਸ ਪਰਿਵਾਰ ਨੂੰ ਵੀ ਉਜਾੜੇ ਦੀ ਮਾਰ ਸਹਿਣੀ ਪਈ ਅਤੇ ਪਿਛੋਂ ਆ ਕੇ ਆਪ ਗੁਰਦਾਸਪੁਰ ਦੇ ਨੇੜੇ ਹੀ ਨਬੀਪੁਰ ਪਿੰਡ ਵਿੱਚ ਰਹਿਣ ਲੱਗ ਪਏ। ਹੁਣ ਵੀ ਭਾਈ ਦੇਵਿੰਦਰ ਸਿੰਘ ਤੇ ਭਾਈ ਮਹਿਤਾਬ ਸਿੰਘ ਦਾ ਪਰਿਵਾਰ ਇਸੇ ਪਿੰਡ ਦਾ ਹੀ ਪੱਕਾ ਨਿਵਾਸੀ ਹੈ। ਇਹ ਪਿੰਡ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਨੂੰ ਜਾਣ ਵਾਲੀ ਸੜਕ ਉਤੇ ਗੁਰਦਾਸਪੁਰ ਤੋਂ ਕੇਵਲ ਦੋ ਕਿਲੋਮੀਟਰ ਦੀ ਦੂਰ ਤੇ ਸਥਿਤ ਹੈ। ਕਹਿਣਾ ਇੰਝ ਚਾਹੀਦਾ ਹੈ ਕਿ ਇਹ ਗੁਰਦਾਸਪੁਰ ਦਾ ਹੀ ਇੱਕ ਭਾਗ ਹੈ। ਭਾਈ ਮਹਿਤਾਬ ਸਿੰਘ ਜ਼ਰੂਰ ਹੀ ਸੰਵੇਦਨਸ਼ੀਲ ਅਤੇ ਕਲਾਤਮਕ ਪ੍ਰਵਿਰਤੀ ਰੱਖਣ ਵਾਲੇ ਵਿਅਕਤੀ ਹੋਣਗੇ, ਨਹੀਂ ਤਾਂ ਪੰਜਾਬ ਦੇ ਜਟ ਪਰਿਵਾਰਾਂ ਵਿੱਚ ਸੰਗੀਤ ਵਰਗੀ ਸੂਖਮ ਤੇ ਲਲਿਤ ਕਲਾ ਟਾਵੀਂ ਟਾਂਵੀਂ ਹੀ ਦਿਖਾਈ ਦੇਂਦੀ ਰਹੀ ਹੈ।

ਭਾਈ ਮਹਿਤਾਬ ਸਿੰਘ ਬਚਪਨ ਵਿੱਚ ਹੀ ਆਪਣੇ ਸਪੁੱਤਰ ਭਾਈ ਦੇਵਿੰਦਰ ਸਿੰਘ ਨੂੰ ਗੁਰੂ ਕੀਰਤਨ ਦੀ ਸਿੱਖਿਆ ਦੇਂਦੇ ਰਹੇ ਹਨ ਅਤੇ ਕਈ ਥਾਵਾਂ ਤੇ ਜਦੋਂ ਉਹ ਬਾਹਰ ਕੀਰਤਨ ਕਰਨ ਜਾਂਦੇ ਹਨ ਤਾਂ ਉਨ੍ਹਾਂ ਨੂੰ ਨਾਲ ਬਿਠਾ ਲੈਂਦੇ ਸਨ। ਇਸ ਲਈ ਕੁਦਰਤੀ ਸੀ ਕਿ ਭਾਈ ਦੇਵਿੰਦਰ ਸਿੰਘ ਆਪਣੇ ਪਿਤਾ ਜੀ ਦੀ ਗਾਇਕੀ ਦੇ ਵਡਮੁੱਲੇ ਅੰਸ਼ ਅਚੇਤ ਹੀ ਆਪਣੇ ਮਨ ਵਿੱਚ ਸਮਾਂ ਲੈਂਦੇ। ਉਨ੍ਹਾਂ ਦੀ ਆਵਾਜ਼ ਤੇ ਗਾਇਕੀ ਦੋਹਾਂ ਨੇ ਹੀ ਦੇਵਿੰਦਰ ਸਿੰਘ ਦੇ ਕੀਰਤਨ ਕਰਨ ਦੀ ਮੁਢਲੀ ਸ਼ੈਲੀ ਨੂੰ ਨਿਰਧਾਰਤ ਕੀਤਾ ਹੈ। ਜਦੋਂ ਉਨ੍ਹਾਂ ਦੇ ਪਿਤਾ ਜੀ ਅੰਮ੍ਰਿਤਸਰ ਛੱਡ ਕੇ ਕਲਕੱਤੇ ਚਲੇ ਗਏ ਤਾਂ ਆਪ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਥਾਵਾਂ ਤੇ ਕੀਰਤਨ ਕਰਦੇ ਰਹੇ ਹਨ। ਆਪ ਜੀ ਦਾ ਵਿਆਹ ਕਾਲਾ ਅਫ਼ਗਾਨਾ ਵਿਖੇ ਬੀਬੀ ਗੁਰਸ਼ਰਨ ਕੌਰ ਨਾਲ ਹੋਇਆ, ਜੋ ਇੱਕ ਬੜੀ ਹੀ ਸੁਸ਼ੀਲ ਇਸਤਰੀ ਹੈ।

3. ਸ਼ਾਸਤਰੀ ਸੰਗੀਤ ਨਾਲ ਪ੍ਰੇਮ

ਭਾਵੇਂ ਗੁਰਬਾਣੀ ਦੇ ਸਾਰੇ ਪ੍ਰਮੁੱਖ ਕੀਰਤਨਕਾਰ ਅਤੇ ਰਾਗੀ ਸ਼ਾਸਤਰੀ ਰਾਗਾਂ ਵਿੱਚ ਅਤੇ ਗੁਰਮੀਤ ਸੰਗੀਤ ਦੀ ਸਥਾਪਿਤ ਰੀਤ ਅਨੁਸਾਰ ਕੀਰਤਨ ਕਰਦੇ ਹੁੰਦੇ ਸਨ, ਪਰ ਸਮਾਂ ਪਾ ਕੇ ਕੀਰਤਨ ਦੀ ਕਲਾ ਵਿੱਚ ਕੁਝ ਪਰਿਵਰਤਨ ਵੀ ਹੁੰਦੇ ਰਹੇ ਹਨ। ਇੱਕ ਸਭ ਤੋਂ ਵਡਾ ਪਰਿਵਰਤਨ ਤਾਂ ਰਾਗੀ ਸਿੰਘਾਂ ਦਾ ਤਾਰਦਾਰ ਸਾਜ਼ਾਂ ਦਾ ਤਿਆਗ ਕਰਕੇ ਹਰਮੋਨੀਅਮ ਦੀ ਵਰਤੋਂ ਨੂੰ ਆਪਣਾ ਲੈਣਾ ਸੀ ਅਤੇ ਦੂਜਾ ਸ਼ਾਸਤਰੀ ਰਾਗਾਂ ਨੂੰ ਛੱਡ ਕੇ ਦੇਸੀ ਧੁਨਾਂ ਉੱਤੇ ਕੀਰਤਨ ਕਰਨ ਲਗ ਪੈਣਾ। ਭਾਵੇਂ ਕੁਝ ਪ੍ਰਮੁੱਖ ਰਾਗੀਆਂ ਅਤੇ ਕੀਰਤਨਕਾਰਾਂ ਨੇ ਗੁਰਬਾਣੀ ਦੀ ਗਾਇਕੀ ਅਤੇ ਗੁਰਮਤਿ ਸੰਗੀਤ ਦੀ ਸ਼ੁੱਧ ਮਰਿਯਾਦਾ ਨੂੰ ਵੀ ਕਾਇਮ ਰੱਖਿਆ ਹੈ, ਪਰ ਫਿਰ ਵੀ ਬੁਹਤਿਆਂ ਨੇ ਸੌਖਾ ਰਾਹ ਹੀ ਅਪਣਾਇਆ ਹੈ ਅਤੇ ਇਥੋਂ ਤੱਕ ਕਿ ਉਹ ਫ਼ਿਲਮ ਸੰਗੀਤ ਤੋਂ ਵੀ ਪ੍ਰਭਾਵਤ ਹੋਏ ਹਨ। ਦੇਵਿੰਦਰ ਸਿੰਘ ਨੇ ਆਪਣੇ ਬਚਪਨ ਵਿੱਚ ਹੋਰ ਚੰਗੇ ਰਾਗੀਆਂ ਅਤੇ ਆਪਣੇ ਪਿਤਾ ਜੀ ਤੋਂ ਕੀਰਤਨ ਦੀ ਸ੍ਰੇਸ਼ਟ ਮਰਿਆਦਾ ਨੂੰ ਅਪਣਾਇਆ, ਪਰ ਇਸ ਕਿੱਤੇ ਨੂੰ ਆਪਣੀ ਉਪਜੀਵਕਾ ਦਾ ਆਧਾਰ ਨਹੀਂ ਸੀ ਬਣਾਇਆ।

ਉਸ ਨੂੰ ਗਾਉਣ ਦਾ ਸ਼ੌਕ ਸੀ ਅਤੇ ਉਹ ਗੁਰਬਾਣੀ ਦੇ ਸ਼ਬਦਾਂ ਦੇ ਨਾਲ-ਨਾਲ ਗ਼ਜ਼ਲ ਅਤੇ ਹੋਰ ਸੁਗਮ ਗਾਇਕੀ ਵਲ ਵੀ ਪ੍ਰੇਰਿਤ ਹੋਇਆ। ਆਕਾਸ਼ਵਾਣੀ ਦੇ ਕੇਂਦਰਾਂ ਦੇ ਵਿਸਥਾਰ ਨਾਲ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਮੰਗ ਕਾਰਣ ਹੁਣ ਬਹੁਤ ਸਾਰੇ ਸੰਗੀਤਕਾਰ ਇਸ ਬੰਨੇ ਪ੍ਰਭਾਵਤ ਹੋ ਚੁੱਕੇ ਸਨ। ਦੇਵਿੰਦਰ ਸਿੰਘ ਵੀ ਇਸ ਪ੍ਰਭਾਵ ਤੋਂ ਮੁਕਤ ਨਹੀਂ ਸੀ ਰਹਿ ਸਕਿਆ। ਸੰਜੋਗਵਸ ਉਨ੍ਹਾਂ ਦਿਨਾਂ ਵਿੱਚ ਗੁਰਦਾਸਪੁਰ ਵਿਖੇ ਇੱਕ ਚੰਗੇ ਸ਼ਾਸਰਤੀ ਸੰਗੀਤ ਦੇ ਪ੍ਰਬੀਨ ਜਾਣਕਾਰ ਰਹਿੰਦੇ ਸਨ, ਜੋ ਪਿੱਛੋਂ ਪਾਕਿਸਤਾਨ ਤੋਂ ਹੀ ਆਏ ਸਨ। ਇਹ ਵਿਅਕਤੀ ਸਨ ਮਾਸਟਰ ਜਗਦੀਸ਼ ਰਾਜ ਕੋਹਲੀ ਜੋ ਕਿੱਤਾ ਤਾਂ ਲਾਂਡਰੀ ਦਾ ਕਰਦੇ ਸਨ, ਪਰ ਨਾਲ ਹੀ ਸੰਗੀਤ ਦੇ ਸਾਜ਼ ਵੀ ਦੁਕਾਨ ਉੱਤੇ ਰੱਖ ਕੇ ਵੇਚਦੇ ਹੁੰਦੇ ਸਨ। ਇਹ ਉਨ੍ਹਾਂ ਦੀ ਉਪਜੀਵਿਕਾ ਦਾ ਸਾਧਨ ਸੀ। ਉਨ੍ਹਾਂ ਨੇ ਆਪਣੇ ਜੀਵਨ ਦਾ ਆਰੰਭਕ ਭਾਗ ਲਾਹੌਰ ਵਿਖੇ ਗੁਜਾਰਿਆ ਸੀ ਅਤੇ ਉੱਥੇ ਹੀ ਪੰਡਿਤ ਵਿਸ਼ਨੂ ਦਿਗੰਬਰ ਜੀ ਦੇ ਸੰਗੀਤ ਵਿਦਿਆਲੇ ਤੋਂ ਸ਼ਾਸਤਰੀ ਸੰਗੀਤ ਦੀ ਲਗਨ ਲਗੀ। ਫਿਰ ਉਹ ਮਾਸਟਰ ਰਾਮ ਪ੍ਰਕਾਸ਼ ਜੀ ਤੋਂ ਸ਼ਾਸਤਰੀ ਸੰਗੀਤ ਦੀ ਸਿਖਿਆ ਲੈਂਦੇ ਰਹੇ। ਜੋ ਨੇਤਰਹੀਣ ਸਨ, ਪਰ ਇੱਕ ਚੰਗੇ ਸੁਲਝੇ ਹੋਏ ਗਾਇਕ ਸਨ। ਪਿਛੋਂ ਇਹ ਮੋਗਾ ਵਿਖੇ ਨਿਵਾਸ ਰੱਖਦੇ ਰਹੇ ਹਨ।

ਮਾਸਟਰ ਜਗਦੀਸ ਰਾਜ ਕੋਹਲੀ ਦੀ ਆਵਾਜ਼ ਬੜੀ ਮਧੁਰ ਸੀ ਅਤੇ ਸ਼ਾਸਤਰੀ ਸੰਗੀਤ ਵਿੱਚ ਉਨ੍ਹਾਂ ਨੂੰ ਬੜੀ ਪ੍ਰਬੀਨਤਾ ਪ੍ਰਾਪਤ ਸੀ। ਉਹ ਸ਼ਾਸਤਰੀ ਸੰਗੀਤ ਦੇ ਬਹੁਤ ਸੁਲਝੇ ਹੋਏ ਅਧਿਆਪਕ ਅਤੇ ਗਿਆਤਾ ਸਨ। ਉਨ੍ਹਾਂ ਨੇ ਇਸ ਇਲਾਕੇ ਵਿੱਚ ਸ਼ਾਸਤਰੀ ਸੰਗੀਤ ਦਾ ਬੜਾ ਹੀ ਪ੍ਰਚਾਰ ਕੀਤਾ ਹੈ। ਭਾਵੇਂ ਉਹ ਆਪ ਸਟੇਜ ਉੱਤੇ ਨਹੀਂ ਸੀ ਗਾਉਂਦੇ, ਪਰ ਉਹ ਆਪਣੇ ਸ਼ਾਗਿਰਦਾਂ ਨੂੰ ਸ਼ਾਸਤਰੀ ਸੰਗੀਤ ਦੀ ਸਿੱਖਿਆ

ਦੇ ਕੇ ਇਨ੍ਹਾਂ ਮਹਿਫਲਾਂ ਵਿੱਚ ਲਿਜਾਂਦੇ ਸਨ ਅਤੇ ਉਨ੍ਹਾਂ ਸੰਗੀਤ ਪ੍ਰਦਰਸ਼ਨ ਕਰਨ ਲਈ ਉਤਸ਼ਾਹਤ ਕਰਦੇ ਸਨ। ਇਨ੍ਹਾਂ ਦੇ ਯਤਨਾਂ ਸਦਕਾ ਹੀ ਪਿਛੋਂ ਗੁਰਦਾਸਪੁਰ ਵਿਖੇ ਸ੍ਰੀਮਤੀ ਉਰਮਲਾ ਕੌਸ਼ਲ ਦੀ ਸਰਪ੍ਰਸਤੀ ਵਿੱਚ ਸੰਗੀਤ ਕਲਾ ਕੇਂਦਰ ਸਥਾਪਤ ਹੋਇਆ, ਜੋ ਅੱਜ ਬਹੁਤ ਵੱਡੀ ਸੰਸਥਾ ਹੈ। ਇੱਥੇ ਹੀ ਮਾਸਟਰ ਜਗਦੀਸ ਰਾਜ ਜੀ ਕੋਹਲੀ ਅਧਿਆਪਨ ਦਾ ਕਾਰਜ ਕਰਦੇ ਰਹੇ ਹਨ।

ਭਾਈ ਦੇਵਿੰਦਰ ਸਿੰਘ ਮਾਸਟਰ ਜਗਦੀਸ਼ ਰਾਜ ਜੀ ਦਾ ਸ਼ਿਸ਼ ਬਣ ਗਿਆ ਅਤੇ ਉਨ੍ਹਾਂ ਕੋਲੋਂ ਹੀ ਦੇਵਿੰਦਰ ਸਿੰਘ ਨੇ ਵਿਧੀਗਤ ਰੂਪ ਵਿੱਚ ਸ਼ਾਸਤਰੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਮਾਸਟਰ ਜਗਦੀਸ ਰਾਜ ਜੀ ਭਾਵੇਂ ਆਪ ਅਕਾਸ਼ਵਾਣੀ, ਦੂਰਦਰਸ਼ਨ ਅਤੇ ਮੰਚਾਂ ਉੱਤੇ ਨਹੀਂ ਗਾ ਸਕੇ, ਪਰ ਉਨ੍ਹਾਂ ਦੀ ਗਾਇਕੀ ਦਾ ਪ੍ਰਦਰਸ਼ਨ ਭਾਈ ਦੇਵਿੰਦਰ ਸਿੰਘ ਦੇ ਰੂਪ ਵਿੱਚ ਇਨ੍ਹਾਂ ਸੰਸਥਾਵਾਂ ਅਤੇ ਮੰਚਾਂ ਦੁਆਰਾ ਜ਼ਰੂਰ ਹੋਇਆ ਹੈ। ਮਾਸਟਰ ਜਗਦੀਸ ਰਾਜ ਦੀ ਦੇਖ ਰੇਖ ਵਿੱਚ ਹੀ ਭਾਈ ਦੇਵਿੰਦਰ ਸਿੰਘ ਦਾ ਸਵਰ-ਗਿਆਨ ਅਤੇ ਸ਼ਾਸਤਰੀ ਗਾਇਕੀ ਸ਼ੁੱਧ ਰੂਪ ਵਿੱਚ ਵਿਕਸਤ ਹੋਈ ਅਤੇ ਪ੍ਰਵਾਨ ਚੜ੍ਹੀ ਹੈ। ਉਨ੍ਹਾਂ ਨੇ ਹੀ ਭਾਈ ਦੇਵਿੰਦਰ ਸਿੰਘ ਨੂੰ ਖਿਆਲ, ਠੁਮਰੀ, ਦਾਦਰਾ, ਕਜਰੀ ਅਤੇ ਹੋਰ ਉਪਸ਼ਾਸਤਰੀ ਸੁਗਮ ਗਾਇਕੀ ਵਿੱਚ ਪ੍ਰਬੀਨ ਕੀਤਾ ਹੈ। ਇਸੇ ਪ੍ਰਭਾਵ ਥਲੇ ਹੀ ਦੇਵਿੰਦਰ ਸਿੰਘ ਨੇ ਪਹਿਲਾਂ ਅਕਾਸ਼ਵਾਣੀ ਜੰਮੂ ਅਤੇ ਫਿਰ ਜਲੰਧਰ ਤੋਂ ਸ਼ਾਸਤਰੀ ਗਾਇਕੀ ਅਤੇ ਸੁਗਮ ਗਾਇਕੀ ਦੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸਨ ਅਤੇ 1962 ਵਿੱਚ ਪ੍ਰਯਾਗ ਸੰਗੀਤ ਸੰਮਤੀ ਇਲਾਹਾਬਾਦ ਤੋਂ ਸੰਗੀਤ ਪ੍ਰਬੀਨ ਐਮ.ਮਿਊਜ਼ ਦੀ ਡਿਗਰੀ ਵੀ ਪ੍ਰਾਪਤ ਕਰ ਲਈ ਸੀ। ਇਸ ਨਾਲ ਭਾਈ ਦੇਵਿੰਦਰ ਸਿੰਘ ਦੀ ਸਮੁੱਚੀ ਗਾਇਨ ਕਲਾ ਅਤੇ ਸ਼ੈਲੀ ਵਿੱਚ ਬੜਾ ਹੀ ਨਿਖ਼ਾਰ ਆਇਆ ਅਤੇ ਸਹਿਜੇ ਸਹਿਜੇ ਉਹ ਇੱਕ ਵਿਸ਼ੇਸ਼ ਵਿਅਕਤੀਗਤ ਗਾਇਨ ਸ਼ੈਲੀ ਨੂੰ ਵਿਕਸਤ ਕਰਨ ਵਿੱਚ ਸਫ਼ਲ ਹੋਇਆ ਹੈ। ਇਸ ਸਮੇਂ ਹੀ ਕੁਝ ਚਿਰ ਉਸ ਨੇ ਪੰਜਾਬ ਦੇ ਸੁਪ੍ਰਸਿਧ ਸ਼ਾਸਤਰੀ ਗਾਇਕ ਸਰਦਾਰ ਸੋਹਣ ਸਿੰਘ ਤੋਂ ਵੀ ਸਿਖਿਆ ਗ੍ਰਹਿਣ ਕੀਤੀ ਹੈ।

4. ਅਕਾਸ਼ਵਾਣੀ ਕੇਂਦਰਾਂ ਵਿੱਚ ਸੰਗੀਤ ਨਿਰਦੇਸ਼ਕ

ਡਾ. ਕੇਸਕਰ ਲੰਮੇ ਸਮੇਂ ਤੱਕ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਵਿਭਾਗ ਦੇ ਮੰਤਰੀ ਰਹੇ ਹਨ। ਉਹ ਭਾਈ ਦੇਵਿੰਦਰ ਸਿੰਘ ਦੀ ਗਾਇਕੀ ਤੋਂ ਵੀ ਪ੍ਰਭਾਵਿਤ ਸਨ। ਫਲਸਰੂਪ ਦੇਵਿੰਦਰ ਸਿੰਘ ਨੂੰ ਅਕਾਸ਼ਵਾਣੀ ਦੇ ਜੰਮੂ ਕੇਂਦਰ ਉੱਤੇ ਸੰਗੀਤ ਨਿਰਦੇਸ਼ਕ ਵਜੋਂ ਨਿਯੁਕਤ ਕੀਤਾ ਗਿਆ। ਕੁਝ ਸਮੇਂ ਆਪ ਜਲੰਧਰ ਅਤੇ ਦਿਲੀ ਕੇਂਦਰਾਂ ਉੱਤੇ ਵੀ ਕੰਮ ਕਰਦੇ ਰਹੇ ਹਨ। ਇਸ ਸਮੇਂ ਉਨ੍ਹਾਂ ਨੂੰ ਸੰਗੀਤ ਰਿਚੈਤਾ ਦੇ ਕਾਰਜ ਨੂੰ ਵੀ ਨਿਭਾਉਣਾ ਪਿਆ ਹੈ ਅਤੇ ਹੋਰ ਪ੍ਰਮੁੱਖ ਸੰਗੀਤ ਕਲਾਕਾਰਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਸਹਿਕਾਰੀ ਵਜੋਂ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ਇਸ ਨਾਲ ਦੇਵਿੰਦਰ ਸਿੰਘ ਦੀ ਸੂਝ ਬੜੀ ਪ੍ਰਪੱਕ ਅਤੇ ਬਾਰੀਕ ਹੋਈ ਹੈ। ਇਥੋਂ ਤੱਕ ਕਿ ਉਸ ਨੂੰ ਸੰਗੀਤ ਦੇ ਰਾਸ਼ਟਰੀ ਪ੍ਰੋਗਰਾਮ ਵਿੱਚ ਆਪਣੀ ਕਲਾ ਦੇ ਪ੍ਰਦਰਸ਼ਨ ਦਾ ਮੌਕਾ ਮਿਲਿਆ ਹੈ। ਇਸੇ ਦੌਰਾਨ ਦੇਵਿੰਦਰ ਸਿੰਘ ਨੇ ਸੈਂਕੜੇ ਰਚਨਾਵਾਂ ਦੀਆਂ ਸੰਗੀਤਕ ਬੰਦਸ਼ਾਂ ਰਚੀਆਂ ਅਤੇ ਪ੍ਰਮੁੱਖ ਕਲਾਕਾਰਾਂ ਕੋਲੋਂ ਵਿਅਕਤੀਗਤ ਅਤੇ ਸਮੂਹਗਾਣ ਦੇ ਰੂਪ ਵਿੱਚ ਗਵਾਈਆਂ ਹਨ ਅਤੇ ਉਨ੍ਹਾਂ ਦੀ ਸੰਗੀਤ ਰਚਨਾ ਵੀ ਕੀਤੀ ਹੈ। ਜਲੰਧਰ ਕੇਂਦਰ ਤੋਂ ਉਨ੍ਹਾਂ ਦੀਆਂ ਕੁਝ ਸੰਗੀਤਕ ਰਚਨਾਵਾਂ ਜਿਵੇਂ, ਆਦੇਸ ਤਿਸੈ ਆਦੇਸ, ਮਿਟਿਆ ਹਨੇਰਾ ਚੰਨ ਚੜਿਆ, ਦੇਹ ਸਿਵਾ ਬਰ ਮੋਹਿ ਇਹੈ, ਸੂਰਾ ਸੋ ਪਹਿਚਾਨੀਐ, ਅਤੇ ਆਰਤੀ ਆਦਿ ਸ਼ਬਦ ਬੜੇ ਹਰਮਨ ਪਿਆਰੇ ਹੋਏ। ਇਸੇ ਤਰ੍ਹਾਂ ਉਨ੍ਹਾਂ ਦੀ ਗਾਈ ਹੋਈ ਪ੍ਰਸਿੱਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਦੀ ਸੁਪ੍ਰਸਿੱਧ ਰਚਨਾ, "ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ" ਬਹੁਤ ਹੀ ਸਲਾਹੀ ਗਈ ਹੈ। ਦੇਵਿੰਦਰ ਸਿੰਘ ਇੱਕ ਮੌਲਿਕ ਸੰਗੀਤ ਰਿਚੈਤਾ ਹੈ ਅਤੇ ਉਹ ਕਿਸੇ ਵੀ ਗੀਤ, ਕਾਫ਼ੀ, ਗ਼ਜ਼ਲ ਨੂੰ ਬੜੀ ਛੇਤੀ ਅਤੇ ਕਈ ਰੂਪਾਂ ਵਿੱਚ ਸੰਗੀਤ ਰਚਨਾ ਦੇ ਰੂਪ ਵਿੱਚ ਸਵਰਬਧ ਕਰ ਸਕਦਾ ਹੈ।

ਰੇਡੀਓ ਦੇ ਸੇਵਾਕਾਲ ਵਿੱਚ ਹੀ ਉਸ ਨੂੰ ਕਈ ਪ੍ਰਮੁੱਖ ਸੰਗੀਤ ਕਲਾਕਾਰਾਂ ਅਤੇ ਗਾਇਕਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ, ਜਿਨ੍ਹਾਂ ਵਿੱਚੋਂ ਕੁਝ ਇੱਕ ਪ੍ਰਮੁੱਖ ਵਿਅਕਤੀ ਸਰਵਸ੍ਰੀ ਉਸਤਾਦ ਵਿਲਾਇਤ ਖਾਂ, ਸ. ਸੋਹਣ ਸਿੰਘ, ਨਵਾਬ ਆਫ ਰਾਮਪੁਰ, ਦੇਵਿੰਦਰ ਮੁਰਦੇਸ਼ਵਰ, ਵਿਜੈ ਰਾਗਵਣ ਰਾਓ ਅਤੇ ਸ਼ਿਵ ਕੁਮਾਰ ਸ਼ਰਮਾ ਆਦਿ ਸਨ। ਇਸੇ ਸਮੇਂ ਹੀ ਉਸ ਨੂੰ ਸੁਪ੍ਰਸਿਧ ਹਿੰਦੀ ਕਵੀਆਂ ਸੁਮਿਤਰਾ ਨੰਦਰ ਪੰਤ, ਸ੍ਰੀ ਬਚਨ, ਸ੍ਰੀ ਗਿਰਜਾ ਕੁਮਾਰ ਮਾਥੁਰ ਅਤੇ ਨਰਿੰਦਰ ਸ਼ਰਮਾ ਦੀਆਂ ਕਾਵਿ ਰਚਨਾਵਾਂ ਨੂੰ ਸੰਗੀਤਕ ਸਵਰ ਦੇਣ ਦਾ ਅਵਸਰ ਵੀ ਮਿਲਦਾ ਰਿਹਾ ਹੈ। ਇੱਕ ਹੋਰ ਗੱਲ ਜੋ ਉਸ ਦੀ ਸੰਗੀਤ ਕਲਾ ਦੇ ਅਨੁਭਵ ਅਤੇ ਗਿਆਨ ਨੂੰ ਵਿਸ਼ਾਲ ਬਣਾਉਣ ਵਿੱਚ ਸਹਾਈ ਹੋਈ ਹੈ, ਉਹ ਹੈ ਆਕਾਸ਼ਵਾਣੀ ਪੁਰਾਤੱਤਵ ਵਿਭਾਗ ਲਈ ਸੰਗੀਤ ਰਚਨਾਵਾਂ ਨੂੰ ਇਕੱਤਰ ਕਰਨਾ। ਇਸ ਸੰਬੰਧ ਵਿੱਚ ਉਸ ਨੂੰ ਉਸਤਾਦ ਅਮੀਰ ਖਾਂ, ਸ੍ਰੀ ਭੀਮ ਸਨ ਜੋਸ਼ੀ, ਸ੍ਰੀ ਪੰਡਿਤ ਰਵੀ ਸ਼ੰਕਰ, ਸ੍ਰੀ ਨਿਸਾਰ ਖਾਂ, ਸ੍ਰੀ ਬਿਸਮਿਲਾ ਖਾਂ ਅਤੇ ਪੰਡਿਤ ਜਸਰਾਜ ਵਰਗੇ ਉਘੇ ਸ਼ਾਸਤਰੀ ਗਾਇਕਾਂ ਅਤੇ ਪ੍ਰਵੀਨ ਵਦਾਕਾਂ ਦੀਆਂ ਰਚਨਾਵਾਂ ਨੂੰ ਰਿਕਾਰਡ ਕਰਨ ਦਾ ਮੌਕਾ ਮਿਲਿਆ ਹੈ, ਜਿਸ ਨਾਲ ਉਹ ਇਨ੍ਹਾਂ ਕਲਾਕਾਰਾਂ ਦੀਆਂ ਕਲਾਤਮਕ ਬਾਰੀਕੀਆਂ ਨੂੰ ਸਮਝਣ ਵਿੱਚ ਹੋਰ ਵੀ ਸਫਲ ਹੋਇਆ ਹੈ। ਅਨੇਕ ਸੁਗਮ ਸੰਗੀਤ ਅਤੇ ਉਪ ਸ਼ਾਸਤਰੀ ਵਸ਼ਿਸ਼ਟ ਗਾਇਕਾਂ ਅਤੇ ਗ਼ਜ਼ਲ ਗਾਇਕਾਂ ਦੀ ਸ਼ੈਲੀ ਦੀਆਂ ਸੂਖਮਤਾਵਾਂ ਨੂੰ ਵੀ ਉਸ ਨੇ ਸੰਵੇਦਨਸ਼ੀਲ ਅੰਤਰ ਦ੍ਰਿਸ਼ਟੀ ਨਾਲ ਸੁਣਿਆਂ, ਵਿਚਾਰਿਆ ਅਤੇ ਘੋਖਿਆ ਹੈ। ਇਸ ਕਲਾਤਮਕ ਵਿਸ਼ਲੇਸ਼ਣ ਨੇ ਉਸ ਦੀ ਆਪਣੀ ਸੰਗੀਤਕ ਸੂਝ ਤੇ ਕਲਾ ਦ੍ਰਿਸ਼ਟੀ ਨੂੰ ਹੋਰ ਪ੍ਰਫੁਲਤ ਤੇ ਵਿਕਸਤ ਕੀਤਾ ਹੈ ਅਤੇ ਉਹ ਹੋਰ ਵੀ ਪ੍ਰਪੱਕ ਤੇ ਪ੍ਰੌੜ ਹੋਈ ਹੈ। ਸੱਚ ਤਾਂ ਇਹ ਹੈ ਕਿ ਇਸ ਕਲਾਕਾਰ ਨੇ ਆਪਣੇ ਮਨ ਨੂੰ ਸਦਾ ਚੰਗੇਰੀ ਤੇ ਉਚੇਰੀ ਕਲਾ ਲਈ ਖੁੱਲ੍ਹਾ ਰੱਖਿਆ ਹੈ ਅਤੇ ਬਹੁਤ ਸਾਰੇ ਸੋਮਿਆਂ ਤੋਂ ਰਚਨਾਤਮਕ ਪ੍ਰਭਾਵ ਅਚੇਤ ਤੇ ਸੁਚੇਤ ਦੋਹਾਂ ਰੂਪਾਂ ਵਿੱਚ ਗ੍ਰਹਿਣ ਕੀਤੇ ਹਨ। ਨੌਕਰੀ ਦੇ ਨਾਲ-ਨਾਲ ਆਪਣੇ ਪ੍ਰੋਗਰਾਮਾਂ ਨੂੰ ਵੀ ਜਾਰੀ ਰੱਖਿਆ ਹੈ ਅਤੇ ਅਖੀਰ ਤੱਕ ਵੀ ਉਹ ਇੱਕ ਉਤਕ੍ਰਿਸ਼ਟ ਕਲਾਕਾਰ ਦੇ ਤੌਰ ਤੇ ਉਹ ਇਨ੍ਹਾਂ ਸਾਰੀਆਂ ਸੰਸਥਾਵਾਂ ਨਾਲ ਜੁੜਿਆ ਰਿਹਾ।

5. ਕੀਰਤਨ ਦਰਬਾਰਾਂ ਦੀ ਲਹਿਰ ਵਿੱਚ ਯੋਗਦਾਨ

ਦੇਵਿੰਦਰ ਸਿੰਘ ਨੇ ਆਕਾਸ਼ਵਾਣੀ ਦੀ ਸੇਵਾ ਨੂੰ ਆਪਣੇ ਲਈ ਸੀਮਿਤ ਖੇਤਰ ਸਮਝ ਕੇ ਇਕ ਸੁਤੰਤਰ ਕਲਾਕਾਰ ਦੇ ਕਿੱਤੇ ਨੂੰ ਅਪਣਾਇਆ, ਜਿਸ ਵਿੱਚ ਉਸ ਨੂੰ ਸਫ਼ਲਤਾ ਪ੍ਰਾਪਤ ਹੋਈ। ਇਸ ਸਮੇਂ ਤੱਕ ਭਾਈ ਦੇਵਿੰਦਰ ਸਿੰਘ ਗੁਰਬਾਣੀ ਦਾ ਕੀਰਤਨ ਵੀ ਕਰਦਾ ਸੀ। ਸ਼ਾਸਤਰੀ ਅਤੇ ਸੁਗਮ ਗਾਇਕੀ ਵਿੱਚ ਉਸ ਨੂੰ ਪ੍ਰਬੀਨਤਾ ਪ੍ਰਾਪਤ ਸੀ। ਇਹ ਦੋਵੇਂ ਖੇਤਰ ਉਸ ਨੇ ਆਪਣੇ ਕਲਾ ਦੇ ਵਿਕਾਸ ਲਈ ਖੁੱਲ੍ਹੇ ਰੱਖੇ। 1968 ਵਿੱਚ ਭਾਈ ਦੇਵਿੰਦਰ ਸਿੰਘ ਨੂੰ ਪੰਜਾਬ ਸਰਕਾਰ ਵਲੋਂ ਸੰਗੀਤ ਦਾ ਸ਼੍ਰੋਮਣੀ ਐਵਾਰਡ ਵੀ ਦਿੱਤਾ ਗਿਆ। 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਉਤਸਵ ਸਮੇਂ ਪੰਜਾਬ ਵਿੱਚ ਗੁਰਮਤਿ ਸੰਗੀਤ ਦਾ ਇੱਕ ਨਵਾਂ ਵਾਤਾਵਰਣ ਹੋਂਦ ਵਿੱਚ ਆਇਆ। ਅਨੇਕ ਸੰਸਥਾਵਾਂ ਨੇ ਗੁਰੂ ਨਾਨਕ ਦੇਵ ਜੀ ਦੀ ਰਬੀ ਜੋਤ ਨੂੰ ਆਪਣੇ-ਆਪਣੇ ਢੰਗ ਨਾਲ ਸ਼ਰਧਾਂਜਲੀਆਂ ਅਰਪਨ ਕੀਤੀਆਂ। ਪੰਜਾਬ ਕੀਰਤਨ ਦਰਬਾਰ ਟਰੱਸਟ ਦੀ ਸਥਾਪਨਾ ਹੋਈ, ਜਿਸ ਦੀ ਜਨਰਲ ਸਕੱਤਰ ਦੀ ਸੇਵਾ ਨੂੰ ਭਾਈ ਦੇਵਿੰਦਰ ਸਿੰਘ ਜੀ ਨੇ ਬੜੀ ਸੁਯੋਗਤਾ ਨਾਲ ਨਿਭਾਇਆ। ਪੰਜਾਬ ਕੀਰਤਨ ਦਰਬਾਰ ਟਰੱਸਟ ਵਲੋਂ ਅਨੇਕ ਸ਼ਹਿਰਾਂ ਵਿੱਚ ਵੱਖ-ਵੱਖ ਸਮੇਂ ਵਿਸ਼ਾਲ ਕੀਰਤਨ ਦਰਬਾਰ ਕਰਵਾਏ ਗਏ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਇੱਕ ਅਦੁੱਤੀ ਅਵਸਰ ਇਸ ਮਾਧਿਅਮ ਨੇ ਪ੍ਰਦਾਨ ਕੀਤਾ। ਭਾਈ ਦੇਵਿੰਦਰ ਸਿੰਘ ਨੇ ਵਿਅਕਤੀਗਤ ਰੂਪ ਵਿੱਚ ਵੀ ਇੱਕ ਕੀਰਤਨਕਾਰ ਅਤੇ ਗਾਇਕ ਵਜੋਂ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਵਡਮੁੱਲਾ ਹਿੱਸਾ ਪਾਇਆ। ਇਹੋ ਹੀ ਭਾਈ ਦੇਵਿੰਦਰ ਸਿੰਘ ਦੀ

ਵਸ਼ਿਸ਼ਟ ਰਾਗੀ ਅਤੇ ਕੀਰਤਨਕਾਰ ਦੇ ਰੂਪ ਵਿੱਚ ਪ੍ਰਸਿੱਧੀ ਦਾ ਕਾਰਨ ਬਣੇ।

ਇਸ ਸੰਸਥਾ ਵਲੋਂ ਕਈ ਕੀਰਤਨ ਦਰਬਾਰ ਵਿਦੇਸ਼ਾਂ ਵਿੱਚ ਕਰਵਾਏ ਗਏ, ਜਿਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਨੇ ਵੀ ਭਾਗ ਲਿਆ। ਇਸੇ ਸੰਬੰਧ ਵਿੱਚ ਉਨ੍ਹਾਂ ਨੂੰ ਲੰਡਨ, ਕਵੈਤ, ਕਨੇਡਾ, ਬਰਮਾ, ਅਮਰੀਕਾ ਆਦਿ ਦੀ ਵਿਦੇਸ਼ ਯਾਤਰਾ ਵੀ ਕਰਨੀ ਪਈ ।ਉਨ੍ਹਾਂ ਨੇ ਬਰਤਾਨੀਆ, ਅਮਰੀਕਾ ਅਤੇ ਕਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਕੀਰਤਨ ਕਰਨ ਸਮੇਂ ਉਨ੍ਹਾਂ ਨੂੰ ਗੁਰਬਾਣੀ ਦੇ ਸ਼ਬਦਾਂ ਦੀ ਅੰਗਰੇਜ਼ੀ ਵਿੱਚ ਵੀ ਵਿਆਖਿਆ ਕੀਤੀ। ਇਹ ਸਾਰੇ ਕਾਰਜ ਭਾਈ ਦੇਵਿੰਦਰ ਸਿੰਘ ਦੀ ਕਲਾ ਨੂੰ ਸਿਖ਼ਰਾਂ ਉੱਤੇ ਪਹੁੰਚਾਉਣ ਵਿੱਚ ਵੀ ਸਹਾਈ ਹੋਏ।

ਗੁਰੂ ਨਾਨਕ ਫਾਊਂਡੇਸ਼ਨ ਵਲੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਰਾਗਾਂ ਅਨੁਸਾਰ ਐਲ.ਪੀ. ਰਿਕਾਰਡ ਤਿਆਰ ਕਰਵਾਏ ਗਏ ਸਨ, ਉਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਦੇ ਗਾਇਨ ਕੀਤੇ ਸ਼ਬਦਾਂ ਦਾ ਵੀ ਪ੍ਰਮੁੱਖ ਸਥਾਨ ਹੈ। ਅਕਾਸ਼ਵਾਣੀ ਜਲੰਧਰ ਤੋਂ ਭਾਈ ਦੇਵਿੰਦਰ ਸਿੰਘ ਦੇ ਗੁਰਬਾਣੀ ਦੇ ਸ਼ਬਦਾਂ ਦੇ ਪ੍ਰੋਗਰਾਮ ਲਗਾਤਾਰ ਚਲਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਗਿਣਤੀ ਕੁਝ ਇੱਕ ਚੋਟੀ ਦੇ ਗੁਰਬਾਣੀ ਗਾਇਕਾਂ ਵਿੱਚ ਹੁੰਦੀ ਸੀ। ਉਨ੍ਹਾਂ ਦਾ ਆਸਾ ਦੀ ਵਾਰ ਦਾ ਸੰਪੂਰਣ ਰਿਕਾਰਡ ਵੀ ਸਪਤਾਹਿਕ ਪ੍ਰੋਗਰਾਮਾਂ ਵਿੱਚ ਕਈ ਵਾਰ ਦੋਹਰਾਇਆ ਗਿਆ ਹੈ। ਅਕਾਸ਼ਵਾਣੀ ਜਲੰਧਰ ਦੇ ਸ਼ਬਦ ਗਾਇਨ ਪ੍ਰੋਗਰਾਮਾਂ ਵਿੱਚ ਨਿਰਧਾਰਤ ਰਾਗਾਂ ਵਿੱਚ ਗਾਏ ਗਏ ਉਨ੍ਹਾਂ ਦੇ ਸ਼ਬਦ ਅਨੇਕ ਵਾਰ ਪ੍ਰਸਾਰਤ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਵਲੋਂ ਗਾਏ ਹੋਏ ਸ਼ਬਦਾਂ ਦੇ ਕਈ ਐਲ.ਪੀ. ਰਿਕਾਰਡ ਅਤੇ ਵੀਡੀਓ ਤਿਆਰ ਹੋ ਚੁੱਕੇ ਹਨ, ਜਿਨਾਂ ਦੁਆਰਾ ਉਨ੍ਹਾਂ ਦੀ ਇੱਕ ਕੀਰਤਨਕਾਰ ਦੇ ਤੌਰ ਤੇ ਪ੍ਰਸਿੱਧੀ ਵਿਸ਼ਵਵਿਆਪੀ ਰੂਪ ਹੀ ਧਾਰਣ ਕਰ ਗਈ ਹੈ।

ਇਨ੍ਹਾਂ ਕੀਰਤਨ ਦਰਬਾਰਾਂ ਦੇ ਪ੍ਰਭਾਵ ਸਦਕਾ ਹੀ ਭਾਈ ਦੇਵਿੰਦਰ ਸਿੰਘ ਜੀ ਨੇ ਕੀਰਤਨਕਾਰ ਅਤੇ ਗੁਰਬਾਣੀ ਗਾਇਕ ਦੇ ਕਿੱਤੇ ਨੂੰ ਹੀ ਪੱਕੇ ਤੌਰ ਤੇ ਅਪਣਾ ਲਿਆ ਅਤੇ ਆਪਣੀ ਸਮੁੱਚੀ ਸੰਗੀਤ ਕਲਾ ਨੂੰ ਗੁਰਮਤਿ ਸੰਗੀਤ ਦੀ ਵਿਰਧੀ ਅਤੇ ਵਿਕਾਸ ਦੇ ਸਮਰਪਤ ਕਰ ਦਿੱਤਾ।

6. ਕੀਰਤਨ ਬਾਰੇ ਅਨੁਭਵ ਤੇ ਚਿੰਤਨ

ਭਾਈ ਦੇਵਿੰਦਰ ਸਿੰਘ ਕੀਰਤਨ ਅਤੇ ਗੁਰਬਾਣੀ ਦੀ ਗਾਇਕੀ ਅਰਥਾਤ ਗੁਰਮਤਿ ਸੰਗੀਤ ਬਾਰੇ ਕਿਉਂ ਜੋ ਵਿਸ਼ਾਲ ਅਨੁਭਵ ਅਤੇ ਗਿਆਨ ਰੱਖਦੇ ਸਨ ਇਸ ਲਈ ਉਨ੍ਹਾਂ ਦੀਆਂ ਕੁਝ ਸਿਮਰਤੀਆਂ, ਪ੍ਰਭਾਵਾਂ, ਅਨੁਭਵਾਂ ਅਤੇ ਵਿਚਾਰਾਂ ਨੂੰ ਇੱਥੇ ਅੰਕਿਤ ਕਰਨਾ ਬੜਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਹ ਵਿਚਾਰ ਇਸ ਤਰ੍ਹਾਂ ਸਮਝ ਲਉ ਕਿ ਭਾਈ ਦੇਵਿੰਦਰ ਸਿੰਘ ਦੀ ਆਪਣੀ ਕਲਾ ਦੀ ਸ੍ਵੈ-ਵਿਆਖਿਆ ਤੇ ਸ੍ਵੈ-ਆਲੋਚਨਾ ਹੀ ਹਨ।

ਭਾਈ ਦੇਵਿੰਦਰ ਸਿੰਘ ਦਾ ਕਥਨ ਹੈ ਕਿ "ਮੇਰੇ ਪਿਤਾ ਜੀ ਅਤੇ ਮਾਤਾ ਜੀ ਦਾ ਸੰਗੀਤ ਨਾਲ ਅਟੁੱਟ ਪਿਆਰ ਮੈਨੂੰ ਅੱਜ ਦੀ ਮੰਜ਼ਿਲ ਤੇ ਪਹੁੰਚਾਉਣ ਲਈ ਸਹਾਈ ਹੋਇਆ।"

ਆਪਣੇ ਪਿਤਾ ਜੀ ਦੀ ਗਾਇਕੀ ਦੇ ਗੁਣਾਂ ਤੋਂ ਉਪਰੰਤ ਬਚਪਨ ਤੋਂ ਹੀ ਭਾਈ ਦੇਵਿੰਦਰ ਸਿੰਘ ਦੇ ਸੰਵੇਦਨਸ਼ੀਲ ਮਨ ਉੱਤੇ ਕਈ ਮਹਾਨ ਕੀਰਤਨਕਾਰਾਂ ਅਤੇ ਰਾਗੀਆਂ ਨੇ ਪ੍ਰਭਾਵ ਪਾਇਆ ਹੈ। ਇਨ੍ਹਾਂ ਵਿੱਚੋਂ ਭਾਈ ਚਾਂਦ ਜੀ ਬਾਰੇ ਭਾਈ ਦੇਵਿੰਦਰ ਸਿੰਘ ਇੰਝ ਕਥਨ ਕਰਦੇ ਹਨ, "ਸਾਡੇ ਪਿਛਕੋੜ ਵਿੱਚ ਭਾਈ ਚਾਂਦ ਇਕ ਅਲੌਕਿਕ ਢੰਗ ਨਾਲ ਕੀਰਤਨ ਕਰਦਾ ਸੀ। ਮੈਂ ਉਸ ਨੂੰ ਸੁਰ-ਸੁਆਦ, ਬਾਰੀਕੀ, ਰਾਗ ਦੀ ਸਪੱਸ਼ਟਤਾ ਅਤੇ ਗੁਰਬਾਣੀ ਦੇ ਭੰਡਾਰ ਦੇ ਰੂਪ ਵਿੱਚ ਵੇਖਿਆ ਹੈ।" ਇਨ੍ਹਾਂ ਤੋਂ ਬਿਨਾਂ ਭਾਈ ਸਮੁੰਦ ਸਿੰਘ ਤੇ ਹੋਰ ਪੂਰਵ ਕਾਲੀ ਕੀਰਤਨਕਾਰਾਂ ਬਾਰੇ ਵੀ ਉਨ੍ਹਾਂ ਦੇ ਮਨ ਵਿੱਚ ਯਾਦਾਂ ਤਾਜ਼ਾ ਹਨ, "ਭਾਈ ਸਮੰਦ ਸਿੰਘ ਨੂੰ ਕੀਰਤਨ ਕਰਦਿਆਂ ਇਨ੍ਹਾਂ ਦੇ ਉਪਰਲੀਆਂ ਸਾਰੀਆਂ ਖ਼ੂਬੀਆਂ ਕਰਕੇ ਸੰਗਤ ਨੂੰ ਵਿਸਮਾਦ ਵਿੱਚ ਲਿਆਉਂਦਿਆਂ ਵੇਖਿਆ ਹੈ। ਭਾਈ ਗੁਰਮੁਖ ਸਿੰਘ ਤੇ ਸੁਰਮੁਖ ਸਿੰਘ ਜੀ ਨੂੰ ਸੰਗੀਤ

ਦੀਆਂ ਸਿਖ਼ਰਾਂ ਨੂੰ ਛੁਹਦਿਆਂ ਕੀਰਤਨ ਕਰਦਿਆਂ ਵੇਖਿਆ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ 'ਅੱਜ ਦਾ ਕੀਰਤਨ ਨਵਾਂ ਰੂਪ ਧਾਰਣ ਕਰ ਗਿਆ ਹੈ। ਮੇਰੇ ਵਿਚਾਰ ਵਿੱਚ ਕੀਰਤਨ ਇੱਕ ਤਪੱਸਿਆ ਹੈ, ਸਾਧਨਾ ਹੈ, ਜਿਸ ਲਈ ਬੜਾ ਲੰਮਾ ਸਫਰ ਕਰਨ ਤੋਂ ਬਾਅਦ ਹੀ ਪ੍ਰਾਪਤੀ ਹੋਣ ਦੀ ਆਸ ਬੱਝਦੀ ਹੈ, ਪਰੰਤੂ ਅੱਜ ਦੇ ਰਾਗੀ ਵਧੇਰੇ ਕਰਕੇ ਅਜਿਹੇ ਹਨ, ਜਿਨ੍ਹਾਂ ਨੇ ਨਾ ਸਿਖਿਆ ਵੱਲ ਧਿਆਨ ਦਿੱਤਾ ਹੁੰਦਾ ਹੈ ਅਤੇ ਨਾ ਹੀ ਸੰਗੀਤ ਦੀ ਪ੍ਰਾਪਤੀ ਲਈ ਉਸਤਾਦਾਂ ਦੀ ਮਾਰ ਖਾਧੀ ਹੁੰਦੀ ਹੈ। ਕੇਵਲ ਰਾਤੋ-ਰਾਤ ਦੋ ਸ਼ਬਦ ਯਾਦ ਕਰਕੇ ਅਤੇ ਉਨ੍ਹਾਂ ਨੂੰ ਸਵੇਰੇ ਫ਼ਿਲਮੀ ਤਰਜ਼ਾਂ ਉਤੇ ਗਾ ਕੇ ਰਾਗੀ ਬਣਨ ਵਲ ਕਦਮ ਵਧਾ ਰਹੇ ਹੁੰਦੇ ਹਨ।

ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਕ੍ਰਿਆਤਮਕ ਸਿੱਖਿਆ ਵੱਲ ਰਚੇ ਗਏ ਸਾਹਿਤ ਦੀ ਮਹੱਤਤਾ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਅਜਿਹੇ ਸਾਹਿਤ ਦੀ ਬੜੀ ਵੱਡੀ ਲੋੜ ਹੈ। ਸ. ਗਿਆਨ ਸਿੰਘ ਐਬਟਾਬਾਦ ਵਾਲਿਆਂ ਨੇ 'ਗੁਰਮਤਿ ਸੰਗੀਤ' ਨਾਮਕ ਪੁਸਤਕ ਲਿਖ ਕੇ ਗੁਰੂ ਘਰ ਦੇ ਰਾਗੀਆਂ ਨੂੰ ਰਾਗ ਦੀ ਪਛਾਣ ਕਰਨ ਵਲ ਧਿਆਨ ਦੁਆਇਆ ਹੈ। ਸ. ਪਿਆਰਾ ਸਿੰਘ ਤਾਰ ਸ਼ਹਿਨਾਈ ਵਾਲਿਆਂ ਨੇ 'ਗੁਰਮਤਿ ਸੰਗੀਤ' ਲਿਖ ਕੇ ਕੁਝ ਕੁ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਇਸੇ ਤਰ੍ਹਾਂ ਪ੍ਰੋ. ਤਾਰਾ ਸਿੰਘ ਜੀ ਦੀਆਂ ਇਸ ਖੇਤਰ ਵਿੱਚ ਕੀਤੀਆਂ ਗਈਆਂ ਖੋਜਾਂ ਅਤੇ ਗੁਰਮਤਿ ਸੰਗੀਤ ਸੰਬੰਧੀ ਰਚੀਆਂ ਗਈਆਂ ਪੁਸਤਕਾਂ ਅਤੇ ਰਾਗ ਰਤਨਾਵਲੀਆਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰਮਤਿ ਸੰਗੀਤ ਦੀ ਪਰੰਪਰਾ ਬਾਰੇ ਡੂੰਘੀ ਜਾਣਕਾਰੀ ਦੇਂਦੀਆਂ ਹਨ। ਇਸ ਤੋਂ ਬਿਨਾਂ ਕ੍ਰਿਆਤਮਕ ਅਭਿਆਸ ਲਈ ਵੀ ਬੜੀਆਂ ਸਹਾਇਕ ਸਿੱਧ ਹੋ ਸਕਦੀਆਂ ਹਨ। ਸ਼ੋਕ ਦੀ ਗਲ ਹੈ ਕਿ ਇਨ੍ਹਾਂ ਪੁਸਤਕਾਂ ਤੋਂ ਬਹੁਤ ਘੱਟ ਗੁਰਬਾਣੀ ਦੇ ਕੀਰਤਨਕਾਰ ਅਤੇ ਰਾਗੀ ਸਾਹਿਬਾਨ ਲਾਭ ਉਠਾ ਰਹੇ ਹਨ। ਭਾਈ ਦੇਵਿੰਦਰ ਸਿੰਘ ਸ਼ਾਸਤਰੀ ਅਤੇ ਗੁਰਮਤਿ ਦੀ ਸਥਾਪਤ ਮਰਿਆਦਾ ਅਨੁਸਾਰੀ ਕੀਰਤਨ ਕਰਨ ਵਾਲਿਆਂ ਨੂੰ ਬੜੀ ਮਹੱਤਤਾ ਦੇਂਦੇ ਸਨ। ਉਨ੍ਹਾਂ ਦਾ ਕਹਿਣਾ ਸੀ ਇਸ ਸਮੇਂ ਪੁਰਾਣੇ ਤਰੀਕੇ ਦੇ ਕੀਰਤਨ ਕਰਨ ਵਾਲੇ ਕੇਵਲ ਦੋ-ਚਾਰ ਹੀ ਰਾਗੀ ਸੱਜਣ ਹਨ, ਜਿਨ੍ਹਾਂ ਵਿੱਚੋਂ ਭਾਈ ਦਿਲਬਾਗ ਸਿੰਘ ਅਤੇ ਗੁਲਬਾਗ ਸਿੰਘ, ਭਾਈ ਅਮਰਜੀਤ ਸਿੰਘ ਤਾਨ ਭਾਈ ਅਮਰੀਕ ਸਿੰਘ ਜ਼ਖ਼ਮੀ ਅਤੇ ਭਾਈ ਦਇਆ ਸਿੰਘ ਪਟਨੇ ਵਾਲੇ ਹੁਣ ਵੀ ਰਾਗ ਸੰਗੀਤ ਦੀ ਕੀਰਤਨ ਵਿੱਚ ਮਹੱਤਤਾ ਨੂੰ ਕਾਇਮ ਰੱਖ ਰਹੇ ਹਨ।

ਗੁਰਬਾਣੀ ਦੇ ਕੀਰਤਨ ਦੀ ਸਥਾਪਤ ਗੁਰਮਤਿ ਮਰਿਆਦਾ ਬਾਰੇ ਵੀ ਉਨ੍ਹਾਂ ਦੇ ਵਿਚਾਰ ਬੜੇ ਸਪਸ਼ਟ ਅਤੇ ਵਡਮੁੱਲੇ ਹਨ। ਸਭ ਤੋਂ ਪਹਿਲਾਂ ਰਾਗੀ ਜਨ ਜਨ ਕੀਰਤਨਕਾਰ ਡੰਡਾਉਤ ਬੰਦਨਾਂ ਦੇ ਸ਼ਬਦਾਂ ਦਾ ਅਲਾਪ ਕਰਦੇ ਹਨ ਅਤੇ ਉਨ੍ਹਾਂ ਦਾ ਸਵਰ ਇਨ੍ਹਾਂ ਮਧੁਰ ਅਤੇ ਆਕਰਸ਼ਕ ਹੁੰਦਾ ਹੈ ਕਿ ਉਹ ਆਪਣੇ ਸਵਰ ਦੀ ਪਕਿਆਈ ਅਤੇ ਸ਼ੁੱਧਤਾ ਕਾਰਣ ਸ੍ਰੋਤਿਆਂ ਨੂੰ ਕੀਲ ਕੇ ਵਿਸਮਾਦ ਦੇ ਮੰਡਲ ਵਿੱਚ ਲੈ ਜਾਂਦੇ ਹਨ। ਬੰਦਨਾ ਉਪਰੰਤ ਪੁਰਾਣੇ ਰਾਗੀ ਰਾਗ ਵਿੱਚ ਸ਼ਬਦ ਦਾ ਗਾਇਨ ਕਰਦੇ ਹੁੰਦੇ ਸਨ, ਜਿਸ ਵਿੱਚ ਚੌਤਾਲ, ਜਾਂ ਆੜਾ ਚੌਤਾਲ ਜਾਂ ਸੂਲਫ਼ਾਖਤ, ਢਾਈਤਾਲ ਜਾਂ ਧਮਾਰ ਤਾਲਾਂ ਵਿੱਚ ਸ਼ਬਦਾਂ ਦਾ ਗਾਇਨ ਕਰਦੇ ਸਨ। ਇਸ ਤੋਂ ਪਿੱਛੋਂ ਤੀਸਰਾ ਸ਼ਬਦ 'ਕਹਿਰਵਾ' ਜਾਂ ਤਿੰਨ ਤਾਲ ਵਿੱਚ ਹੁੰਦਾ ਸੀ। ਇਹ ਤਾਲ ਕੀਰਤਨ ਦੀ ਸਮਾਪਤੀ ਤੱਕ ਚਲਦੇ ਸਨ। ਕੀਰਤਨ ਦੀ ਸਮਾਪਤੀ ਪਉੜੀ ਦੇ ਗਾਇਣ ਦੁਆਰਾ ਕੀਤੀ ਜਾਂਦੀ ਸੀ।

ਪਰ ਵਰਤਮਾਨ ਕਾਲ ਵਿੱਚ ਗੁਰੂ ਕੀਰਤਨ ਦੀਆਂ ਇਹ ਸਭ ਵਿਸ਼ੇਸ਼ਤਾਵਾਂ ਦੁਰਲਭ ਹੋ ਗਈਆਂ ਹਨ। ਇਸ ਦਾ ਕਾਰਣ ਇਹ ਹੈ ਕਿ ਅੱਜਕੱਲ੍ਹ ਦੇ ਨਵ-ਸਿਖਿਅਤ ਕੀਰਤਨਕਾਰ ਤਬਲੇ ਦੀ ਸਿੱਖਿਆ ਨਹੀਂ ਲੈਂਦੇ ਅਤੇ ਕਿਸੇ ਨਿਪੁੰਨ ਗੁਰੂਜਨ ਕੋਲੋਂ ਸ਼ਾਸਤਰੀ ਸੰਗੀਤ ਦਾ ਬੋਧ ਵੀ ਪ੍ਰਾਪਤ ਨਹੀਂ ਕਰਦੇ। ਉਨ੍ਹਾਂ ਦੀ ਹਾਲਤ ਬੜੀ ਤਰਸਯੋਗ ਪ੍ਰਤੀਤ ਹੁੰਦੀ ਹੈ ਅੱਜ ਕੱਲ ਦੀ ਗੁਰੂ ਸੰਗਤ ਵੀ ਕੀਰਤਨ ਦੀਆਂ ਬਾਰੀਕੀਆਂ ਨੂੰ ਸਮਝਣ ਤੋਂ ਅਸਮਰਥ ਹੈ ਅਤੇ ਉਨ੍ਹਾਂ ਵਿੱਚ ਵੀ

ਉਸ ਉਚੇਰੇ ਸੁਹਜ ਸੁਆਦ ਦਾ ਆਭਾਵ ਹੈ, ਜੋ ਪੁਰਾਤਨ ਸਿੱਖ ਸੰਗਤਾਂ ਵਿੱਚ ਹੁੰਦਾ ਸੀ। ਉਹ ਵੀ ਚਾਹੁੰਦੀ ਹੈ ਕਿ ਰਾਗੀ ਸਿੰਘ ਸੁਖੈਣ ਤਰਜ਼ਾ ਵਿੱਚ ਕੀਰਤਨ ਕਰਨ ਅਤੇ ਸੰਗਤ ਵੀ ਨਾਲ ਨਾਲ ਗਾਈ ਜਾਵੇ। ਇਸ ਲਈ ਭਾਈ ਦੇਵਿੰਦਰ ਸਿੰਘ ਦਾ ਵਿਚਾਰ ਸੀ ਕਿ ਜਿਥੇ ਸਾਨੂੰ ਗੁਰਬਾਣੀ ਦੇ ਕੀਰਤਨਕਾਰਾਂ ਦੇ ਪੱਧਰ ਨੂੰ ਉਚਾ ਕਰਨ ਲਈ ਉਨਾਂ ਨੂੰ ਰਾਗ ਸੰਗੀਤ ਦਾ ਸ਼ਾਸਤਰੀ ਬੋਧ ਕਰਾਉਣਾ ਪਵੇਗਾ ਅਤੇ ਅਭਿਆਸ ਦੁਆਰਾ ਸਵਰ ਸਾਧਨਾ ਕਰਾਉਣੀ ਹੋਵੇਗੀ, ਉੱਥੇ ਨਾਲ ਹੀ ਗੁਰੂ ਸੰਗਤ ਦੇ ਸੁਹਜ ਸੁਆਦ ਨੂੰ ਵੀ ਬਦਲਣਾ ਹੋਵੇਗਾ ਅਤੇ ਉਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨੀ ਹੋਵੇਗੀ ਤਾਂ ਜੋ ਉਹ ਉਚੇਰੇ ਕੀਰਤਨ ਦੇ ਰਸ ਸੁਆਦ ਨੂੰ ਮਾਣ ਸਕਣ। ਅੱਜ ਕੱਲ ਦੀ ਸਥਿਤੀ ਬਾਰੇ ਤਾਂ ਉਹ ਇਹ ਕਹਿੰਦੇ ਹਨ ਕਿ ਜੇ ਗੁਰੂ ਦੀ ਸੰਗਤ ਵਿੱਚ ਪੰਡਿਤ ਰਵੀ ਸ਼ੰਕਰ, ਉਸਤਾਦ ਬਿਸਮਿਲਾ ਖਾਂ, ਉਸਤਾਦ ਗ਼ੁਲਾਮ  ਅਲੀ ਆਦਿ ਵਰਗੇ ਮਹਾਨ ਕਲਾਕਾਰਾਂ ਨੂੰ ਪੇਸ਼ ਕਰ ਦਿੱਤਾ ਜਾਵੇ ਤਾਂ ਸੰਗਤਾਂ ਉਨ੍ਹਾਂ ਨੂੰ ਪੰਜ ਮਿੰਟ ਵੀ ਸ਼੍ਰਵਣ ਨਹੀਂ ਕਰ ਸਕਣਗੀਆਂ। ਪਰ ਭਾਈ ਦੇਵਿੰਦਰ ਸਿੰਘ ਦਾ ਵਿਚਾਰ ਹੈ ਕਿ ਜੋ ਭਾਈ ਚਾਂਦ, ਭਾਈ ਸਮੁੰਦ ਸਿੰਘ, ਭਾਈ ਗੁਰਮੁਖ ਸਿੰਘ, ਸੁਰਮੁਖ ਸਿੰਘ ਵਰਗੇ ਮਹਾਨ ਕੀਰਤਨਕਾਰ ਕੀਰਤਨ ਕਰ ਰਹੇ ਹੋਣ ਤਾਂ ਉਹ ਘੰਟਿਆਂ ਬਧੀ ਉਨ੍ਹਾਂ ਦੇ ਕੀਰਤਨ ਦੇ ਆਨੰਦ ਵਿੱਚ ਮਗਨ ਬੈਠੇ ਰਹਿਣਗੇ। ਇਹ ਕੀਰਤਨਕਾਰਾਂ ਨੂੰ ਹੀ ਗੌਰਵ ਪ੍ਰਾਪਤ ਸੀ ਕਿ ਆਪਣੀ ਸਾਧਨਾ ਕਲਾ ਗੁਰਬਾਣੀ ਦੇ ਅਥਾਹ ਗਿਆਨ, ਪ੍ਰੇਮ ਅਤੇ ਸ਼ਰਧਾ ਵਿੱਚ ਲੀਨ ਉਹ ਵਿਅਕਤੀ ਆਪਣੇ ਕੀਰਤਨ ਨੂੰ ਰੱਬੀ ਆਨੰਦ ਨਾਲ ਭਰਪੂਰ ਕਰ ਦੇਂਦੇ ਸਨ ਅਤੇ ਬਦੋ ਬਦੀ ਸ੍ਰੋਤਿਆਂ ਦੇ ਮਨ ਪ੍ਰਭੂ ਦੇ ਨਾਮ ਸਿਮਰਨ ਵਿੱਚ ਜੁੜ ਕੇ ਚਰਨ ਕਮਲਾਂ ਦੇ ਰਹੱਸ ਨੂੰ ਮਾਨਣ ਲੱਗ ਪੈਂਦੇ ਸਨ। ਭਾਈ ਦੇਵਿੰਦਰ ਸਿੰਘ ਦਾ ਮਤ ਹੈ ਕਿ ਗੁਰੂ ਕੀਰਤਨ ਦੀ ਮਰਿਆਦਾ ਵਿੱਚ ਸਾਨੂੰ ਅਜਿਹੇ ਸਹਿਜ ਅਤੇ ਸ਼ਾਂਤ ਰਸ ਦੇ ਵਾਤਾਵਰਣ ਦੀ ਹੀ ਪੁਨਰ ਸਥਾਪਤੀ ਕਰਨੀ ਹੋਵੇਗੀ।

**7. ਭਾਈ ਦੇਵਿੰਦਰ ਸਿੰਘ ਦੀ ਕੀਰਤਨ ਸ਼ੈਲੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ**

ਭਾਈ ਦੇਵਿੰਦਰ ਸਿੰਘ ਜੀ ਇੱਕ ਉਚਕੋਟੀ ਦੇ ਗਾਇਕ ਅਤੇ ਕੀਰਤਨਕਾਰ ਸਨ। ਉਨ੍ਹਾਂ ਉੱਤੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੋਹਾਂ ਦਾ ਹੀ ਵਿਸ਼ੇਸ਼ ਪ੍ਰਭਾਵ ਸੀ ਅਤੇ ਇਸ ਤੋਂ ਬਿਨਾਂ ਉਨ੍ਹਾਂ ਉੱਤੇ ਉੱਪ ਸ਼ਾਸਤਰੀ ਅਤੇ ਸੁਗਮ ਸੰਗੀਤ ਨੇ ਵੀ ਕਾਫੀ ਅਸਰ ਪਾਇਆ ਸੀ ਕਿਉਂ ਜੋ ਆਪਣੇ ਸਾਰੇ ਜੀਵਨ ਵਿੱਚ ਉਚਕੋਟੀ ਦੇ ਕਲਾਕਾਰਾਂ ਨੂੰ ਭਾਵੇਂ ਉਹ ਸ਼ਾਸਤਰੀ ਸੰਗੀਤ ਦੇ ਹੋਣ ਜਾਂ ਸੁਗਮ ਸੰਗੀਤ ਦੇ, ਸੁਣਿਆਂ ਤੋਂ ਮਾਣਿਆਂ ਸੀ। ਸਗੋਂ ਉਨ੍ਹਾਂ ਦੀ ਕਲਾ ਦਾ ਸੁਚੇਤ ਰੂਪ ਵਿੱਚ ਵਿਸ਼ਲੇਸ਼ਣ ਵੀ ਕੀਤਾ ਸੀ। ਸ਼ਾਸਤਰੀ, ਉਪ ਸ਼ਾਸਤਰੀ ਅਤੇ ਸੁਗਮ ਸੰਗੀਤ ਦੀ ਗਾਇਕੀ ਨੇ, ਜਿਸ ਵਿੱਚ ਲੋਕ ਸੰਗੀਤ ਅਤੇ ਗ਼ਜ਼ਲ ਆਦਿ ਵੀ ਸ਼ਾਮਲ ਸੀ, ਉਨ੍ਹਾਂ ਨੂੰ ਇੱਕ ਰਸਿਕ ਕਲਾਕਾਰ ਦੇ ਰੂਪ ਵਿੱਚ ਵਿਕਸਤ ਕੀਤਾ ਸੀ।(ਉਹਨਾਂ ਦੇ ਰਿਕਾਰਡ ਕੀਤੇ ਕੀਰਤਨ ਸੁਣਕੇ ਸਪਸ਼ਟ ਹੁੰਦਾ ਹੈ) ਉਹ ਸਵਰ ਤੇ ਤਾਲ ਦੇ ਬੜੇ ਪਕੇ ਸਨ। ਉਨ੍ਹਾਂ ਦੀ ਆਵਾਜ਼ ਵਿੱਚ ਰਸ ਸੀ। ਉਨ੍ਹਾਂ ਦੀ ਗਾਇਕੀ ਵਿੱਚ ਇੱਕ ਉਤਮ ਕਲਾਕਾਰ ਵਾਲਾ ਵਿਸ਼ਵਾਸ ਤੇ ਨਿਵੇਕਲਾਪਣ ਦ੍ਰਿਸ਼ਟੀਗੋਚਰ ਹੁੰਦਾ ਹੈ ਆਪਣੇ ਜੀਵਨ ਦੇ ਲੰਮੇ ਅਭਿਆਸ ਕਾਰਣ ਉਨ੍ਹਾਂ ਨੇ ਆਪਣੀ ਵਿਅਕਤੀਗਤ ਕੀਰਤਨ ਸ਼ੈਲੀ ਵੀ ਵਿਕਸਤ ਕਰ ਲਈ। ਇਸ ਗਾਇਨ ਸ਼ੈਲੀ ਵਿੱਚ ਕੁਝ ਨਿਵੇਕਲੀਆਂ ਵਿਸ਼ੇਸ਼ਤਾਵਾਂ ਹਨ। ਉਨ੍ਹਾਂ ਦਾ ਸ਼ਬਦਾਂ ਨੂੰ ਉਚਾਰਣ ਦਾ ਢੰਗ ਬੜਾ ਸਪਸ਼ਟ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਸ਼ਬਦ ਦੀ ਧੁਰ ਆਤਮਾ ਵਿੱਚ ਖੁਭ ਗਏ ਹਨ ਅਤੇ ਉਸ ਦੇ ਅਰਥ ਅਤੇ ਭਾਵ ਦੋਹਾਂ ਨੂੰ ਹੀ ਸੰਚਾਰ ਕਰ ਸਕਣ ਦੇ ਯਤਨ ਵਿੱਚ ਹਨ। ਸ਼ਾਸਤਰੀ ਰਾਗਾਂ ਦਾ ਉਹ ਆਸਰਾ ਲੈਂਦੇ ਸਨ ਅਤੇ ਸ਼ਬਦ ਨੂੰ ਉਸ ਦੇ ਮੂਲ ਰਾਗ ਵਿੱਚ ਹੀ ਵਧੇਰੇ ਕਰਕੇ ਗਾਉਂਦੇ ਹਨ। ਵਿਸ਼ੇਸ਼ ਕਰਕੇ ਸਥਾਈ ਦੇ ਅੰਗ ਨੂੰ, ਜਾਂ ਬਹੁਤੀ ਵਾਰ ਰਹਾਓ ਦੀ ਪੰਗਤੀ ਹੁੰਦੀ ਹੈ। ਇਨ੍ਹਾਂ ਬੋਲਾਂ ਨੂੰ ਨਿਖੇੜ ਕੇ ਤੇ ਰਾਗਾਂ ਦੇ ਸਵਰਾਂ

ਨੂੰ ਜਗਾ ਕੇ ਪ੍ਰਸਤੁਤ ਕਰਨ ਵਿੱਚ ਉਨ੍ਹਾਂ ਨੂੰ ਕਮਾਲ ਹਾਸਲ ਹੈ। ਸ਼ਾਸਤਰੀ ਗਾਇਕਾਂ ਸਮਾਨ ਉਹ ਕੀਰਤਨ  ਸਹਿਜ ਅਤੇ ਸ਼ਾਂਤ ਵਾਤਾਵਰਣ ਕਾਇਮ ਰਖਦਿਆਂ ਵਧੇਰੇ ਕਰਕੇ ਵਿਲੰਬਤ ਲੈਅ ਵਿੱਚ ਕਰਦੇ ਹਨ। ਇੱਥੋਂ ਤੱਕ ਕਿ ਦਸਮ ਬਾਣੀ ਦੇ ਸਵੱਯੇ ਨੂੰ ਵੀ ਉਹ ਰਾਗ ਦੀ ਬੰਦਸ਼ ਵਿੱਚ ਲਿਆ ਕੇ ਵਿਲੰਬਤ ਲੈਅ ਵਿੱਚ ਹੀ ਗਾਉਂਦੇ ਹਨ, ਅਤੇ ਕੀਰਤਨ ਵਿੱਚ ਵਿਸ਼ੇਸ਼ ਸੁਹਜ ਸੁਆਦ ਨੂੰ ਸਿੰਚਤ ਕਰਦੇ ਹਨ। ਲੋੜ ਅਨੁਸਾਰ ਗੁਰਬਾਣੀ ਵਿੱਚੋਂ ਸ਼ਬਦ ਦੇ ਭਾਵ ਦੀ ਹੋਰ ਵਿਆਖਿਆ ਲਈ ਪ੍ਰਮਾਣ ਵੀ ਦੇਂਦੇ ਹਨ, ਪਰ ਉਹ ਪ੍ਰਮਾਣ ਦੇਣ ਸਮੇਂ ਰਾਗ ਜਾਂ ਮੂਲ ਸ਼ਬਦ ਦੇ ਦਾਇਰੇ ਤੋਂ ਬਾਹਰ ਨਹੀਂ ਜਾਂਦੇ ਅਤੇ ਛੇਤੀ ਮੁੜ ਸਥਾਈ ਦੇ ਬੋਲਾਂ ਅਤੇ ਰਾਗ ਦੀ ਆਰੋਹੀ, ਅਵਰੋਹੀ ਵਲ ਪਰਤ ਆਉਂਦੇ ਹਨ। ਖਿਆਲ ਦੇ ਗਾਇਕ ਸਮਾਨ ਇਕ ਇੱਕ ਪੰਗਤੀ ਦੀ ਗਾਇਕੀ ਵਿੱਚ ਲੋੜੀਂਦੀਆਂ ਬੜਤਾਂ ਕਰਦੇ ਰਹਿੰਦੇ ਹਨ, ਜਿਵੇਂ ਕਿ ਖਿਆਲ ਦੇ ਗਾਇਕ ਭਾਵ ਪ੍ਰਦਰਸ਼ਨ ਲਈ ਇਕੋ ਵਾਕ ਨੂੰ ਭਾਵ ਦੇ ਪ੍ਰਦਰਸ਼ਨ ਲਈ ਵੱਖ ਵੱਖ ਰੂਪ ਵਿੱਚ ਗਾਉਂਦੇ ਹਨ। ਉਹ ਸਟੂਡੀਓ ਦੀ ਗਾਇਕੀ ਅਤੇ ਕੀਰਤਨ ਦਰਬਾਰ ਦੀ ਗਾਇਕੀ ਦੇ ਅੰਤਰ ਨੂੰ ਬਹੁਤ ਭਲੀ ਪ੍ਰਕਾਰ ਸਮਝਦੇ ਹਨ। ਉਨ੍ਹਾਂ ਦੇ ਸਟੂਡਿਓ ਲਈ ਗਾਏ ਗਏ ਸ਼ਬਦ ਜੋ ਅਕਾਸ਼ਵਾਣੀ ਤੋਂ ਅਕਸਰ ਪ੍ਰਸਾਰਤ ਹੁੰਦੇ ਰਹਿੰਦੇ ਹਨ ਆਪਣੇ ਰਾਗ ਦੇ ਸ਼ੁੱਧ ਸਰੂਪ ਨੂੰ ਲਈ ਬੈਠੇ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਭਾਈ ਦੇਵਿੰਦਰ ਸਿੰਘ ਸਵਰਾਂ ਦੀਆਂ ਬਾਰੀਕੀਆਂ ਅਤੇ ਲੈਅਕਾਰੀ ਦੀਆਂ ਕਈ ਕੋਮਲਤਾਵਾਂ ਨੂੰ ਪ੍ਰਦਰਸ਼ਨ ਕਰ ਜਾਂਦੇ ਹਨ। ਇੱਕ ਲੋੜੀਂਦਾ ਵੈਰਾਗ ਤੇ ਮਸਤੀ ਦਾ ਵਾਤਾਵਰਣ ਉਤਪੰਨ ਕਰ ਸਕਣਾ ਉਨ੍ਹਾਂ ਦੀ ਕਲਾ ਦੀ ਵਿਸ਼ੇਸ਼ਤਾ ਹੈ। ਕੀਰਤਨ ਦਰਬਾਰ ਵਿੱਚ ਉਹ ਵਧੇਰੇ ਕਰਕੇ ਕੀਰਤਨ ਦੀ ਸਥਾਪਤ ਪਰੰਪਰਾ ਅਤੇ ਸ੍ਰੋਤਿਆਂ ਦੀਆਂ ਰੁਚੀਆਂ ਦਾ ਖਿਆਲ ਰੱਖਦੇ ਸਨ। ਉਹ ਸ੍ਰੋਤਿਆਂ ਤੇ ਸੰਗਤਾਂ ਨੂੰ ਦੂਜੇ ਰਾਗੀਆਂ ਸਮਾਨ ਆਪਣੇ ਨਾਲ ਗਾਉਣ ਲਈ ਵੀ ਸੱਦਾ ਦੇਂਦੇ ਸਨ, ਪਰ ਫਿਰ ਥੋੜਾ ਜਿਹਾ ਰੰਗ ਵਿਖਾ ਕੇ ਆਪ ਅਜਿਹੀਆਂ ਬਾਰੀਕੀਆਂ ਵਲ ਆ ਜਾਂਦੇ ਹਨ ਕਿ ਸ੍ਰੋਤਿਆਂ ਦਾ ਉੱਥੋਂ ਤੱਕ ਪਹੁੰਚਾਉਣਾ ਕਠਿਨ ਹੁੰਦਾ ਸੀ। ਉਹ ਲੋਕ ਸੰਗੀਤ ਦੇ ਦੇਸੀ ਅੰਗਾਂ ਤੋਂ ਤਾਂ ਪ੍ਰਭਾਵਤ ਹੁੰਦੇ ਸਨ, ਪਰ ਫ਼ਿਲਮੀ ਤੇ ਹੋਰ ਗੀਤਾਂ ਦੀਆਂ ਸਸਤੀਆਂ ਧੁਨਾਂ ਤੋਂ ਕੋਹਾਂ ਦੂਰ ਰਹਿੰਦੇ ਸਨ। ਇਹੋ ਕਾਰਣ ਹੈ ਕਿ ਉਨ੍ਹਾਂ ਦੀ ਗਾਇਕੀ ਆਪਣੇ ਵਿੱਚ ਉਚਕੋਟੀ ਦੀ ਰਸਿਕਤਾ ਤੇ ਕਲਾਤਮਕਤਾ ਨੂੰ ਸਮੋਈ ਬੈਠੀ ਹੈ।

ਆਪਣੇ ਕੀਰਤਨ ਦੀ ਸ਼ੈਲੀ ਅਤੇ ਗਾਇਕੀ ਬਾਰੇ ਉਨ੍ਹਾਂ ਨੇ ਆਪ ਵੀ ਕੁਝ ਸ੍ਵੈ-ਵਿਆਖਿਆ ਕੀਤੀ ਹੈ। ਇਥੇ ਅਸੀਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ ਹੀ ਉਨ੍ਹਾਂ ਦੇ ਕਥਨਾਂ ਵਿੱਚੋਂ ਕੁਝ ਹਵਾਲੇ ਦੇ ਰਹੇ ਹਾਂ। "ਰੇਡੀਉ ਦੀ ਨੌਕਰੀ ਕਰਨ ਨਾਲ ਸੰਗੀਤਕ ਦਾਇਰਾ ਆਪਣੇ ਆਪ ਹੀ ਵਿਸ਼ਾਲ ਹੋ ਜਾਂਦਾ ਹੈ। ਹਰ ਪ੍ਰਾਂਤ ਦੀਆਂ ਲੋਕ ਸੰਗੀਤਕ ਰਚਨਾਵਾਂ ਨੂੰ ਸੁਣਨ ਤੇ ਸਮਝਣ ਦਾ ਮੌਕਾ ਮਿਲਦਾ ਹੈ। ਚੰਗੇ ਸੰਗੀਤਕਾਰਾਂ ਤੇ ਗ਼ਜ਼ਲ ਗਾਇਕਾਂ ਨੂੰ ਸੁਣਨ ਦਾ ਸਮਾਂ ਬਣਦਾ ਹੈ, ਜਿਸ ਕਾਰਣ ਸੁਗਮ ਸੰਗੀਤ ਦੀਆਂ ਬਾਰੀਕੀਆਂ ਬਦੋ-ਬਦੀ ਮਨ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ। ਇਹੋ ਹੀ ਕਾਰਣ ਹੈ ਕਿ ਮੈਂ ਕੀਰਤਨ ਕਰਨ ਲਗਿਆਂ ਜਾਂ ਤਾਂ ਰਾਗ ਦਾ ਸਹਾਰਾ ਲੈਂਦਾ ਹਾਂ ਜਾਂ ਫਿਰ ਸੁਤੇ ਹੀ ਉਤਪੰਨ ਹੋਣ ਵਾਲੀਆਂ ਸੰਗੀਤਕ ਲਹਿਰਾਂ ਰਾਹੀਂ ਕੀਰਤਨ ਕਰਦਾ ਹਾਂ। ਮੇਰੇ ਉੱਤੇ ਫ਼ਿਲਮੀ ਦੁਨੀਆਂ ਦਾ ਕੋਈ ਅਸਰ ਵੀ ਨਹੀਂ ਹੁੰਦਾ।"

ਮੇਰੇ ਦੋਸਤ ਗ਼ੁਲਾਮ ਅਲੀ ਨੇ ਲੰਡਨ ਵਿੱਚ ਕਿਸੇ ਨੂੰ ਇਹ ਕਿਹਾ ਸੀ ਕਿ "ਕੀਰਤਨ ਗੁਰਬਾਣੀ ਦਾ ਸੁਆਦ ਭਾਈ ਦੇਵਿੰਦਰ ਸਿੰਘ ਜੀ ਨੂੰ ਸੁਣ ਕੇ ਆ ਜਾਂਦਾ ਹੈ।" ਇਹ ਲੋਕ, ਸੁਰ-ਸੁਆਦ ਤੇ ਬਰੀਕੀ ਨੂੰ ਪਿਆਰ ਕਰਦੇ ਹਨ ਅਤੇ ਇਹ ਚੀਜ਼ਾਂ ਬਿਨਾ ਸਿੱਖਿਆ ਹਾਸਲ ਨਹੀਂ ਹੋ ਸਕਦੀਆਂ।"

ਭਾਈ ਦੇਵਿੰਦਰ ਸਿੰਘ ਜੀ ਦਾ ਇਹ ਵਿਚਾਰ ਸੀ ਕਿ ਸੰਗੀਤ ਦੀ ਸਿੱਖਿਆ ਬਿਨਾ ਤਾਲੀਮ ਤੋਂ ਹਾਸਲ ਨਹੀਂ ਹੋ ਸਕਦੀ। ਜਦੋਂ ਤੱਕ ਤੁਸੀਂ ਕਿਸੇ ਪ੍ਰਵੀਨ ਗੁਰੂ ਦੀਆਂ ਉਚ-ਉਡਾਰੀਆਂ ਵਿੱਚ ਗਾਈਆਂ ਹੋਈਆਂ

ਸੰਗੀਤਕ ਸਵਰਾਂ ਨੂੰ ਆਪਣੇ ਹਿਰਦੇ ਦੀਆਂ ਲਹਿਰਾਂ ਵਿੱਚ ਨਹੀਂ ਸਮਾਂ ਲੈਂਦੇ, ਤਦੋਂ ਤੱਕ ਤੁਸੀਂ ਗੁਰੂ ਕੀਰਤਨ ਦੀ ਆਤਮਾ ਤੱਕ ਨਹੀਂ ਪਹੁੰਚ ਸਕਦੇ।

ਇਸ ਵਿੱਚ ਕਲਾਕਾਰ ਦੇ ਮੌਲਿਕ ਗੁਣ ਅਤੇ ਕਲਾ ਕੌਸ਼ਲ ਦੋਵੇਂ ਹੀ ਕਾਰਜ ਕਰਦੇ ਹਨ। ਕੀਰਤਨ ਨੂੰ ਅਜਿਹੀ ਰੱਬੀ-ਦਾਤ ਅਤੇ ਰੂਹਾਨੀ ਮੰਡਲ ਦੀ ਅਦੁੱਤੀ ਕਲਾ ਸਮਝ ਕੇ ਹੀ ਸਾਡੇ ਕੀਰਤਨਕਾਰ ਗੁਰਮਤਿ ਸੰਗੀਤ ਦੀਆਂ ਉੱਚੀਆਂ ਸਿਖ਼ਰਾਂ ਨੂੰ ਛੋਹ ਸਕਦੇ ਹਨ। ਤਦੋਂ ਹੀ ਗੁਰੂ ਘਰ ਦੇ ਕੀਰਤਨ ਵਿੱਚ ਆਤਮ ਰਸ ਦੀ ਸ਼ਾਂਤੀ ਦੇਣ ਵਾਲੀ ਅਤੇ ਤਪਦੇ ਹਿਰਦੇ ਨੂੰ ਸ਼ਾਂਤ ਕਰਨ ਵਾਲੀ ਵਿਸਮਾਦੀ ਅਵਸਥਾ ਉਤਪੰਨ ਕੀਤੀ ਜਾ ਸਕਦੀ ਹੈ।

8. ਕੀਰਤਨਕਾਰ ਦਾ ਆਦਰਸ਼ਕ ਸੰਕਲਪ

ਭਾਈ ਦੇਵਿੰਦਰ ਸਿੰਘ ਸਭਾ ਤੋਂ ਪਹਿਲੇ ਰਾਗੀ ਸਨ, ਜਿਨ੍ਹਾਂ ਨੇ ਬੀ. ਬੀ.ਸੀ. ਲੰਡਨ ਤੋਂ ਆਪਣੇ ਕੀਰਤਨ ਦਾ ਪ੍ਰਸਾਰਨ ਕੀਤਾ ਹੈ। ਇਸ ਤਰ੍ਹਾਂ ਆਪ ਜੀ ਨੇ ਆਪਣੇ ਮਧੁਰ ਕੀਰਤਨ ਦੁਆਰਾ ਪੱਛਮੀ ਦੇਸ਼ਾਂ ਦੇ ਸ੍ਰੋਤਿਆਂ ਨੂੰ ਵੀ ਗੁਰਬਾਣੀ ਦੇ ਕੀਰਤਨ ਦਾ ਰਸ ਸੁਆਦਨ ਕਰਵਾਇਆ ਹੈ।

ਕਦੀ ਭਾਈ ਦੇਵਿੰਦਰ ਸਿੰਘ ਗੁਰੂ ਕੀਰਤਨ ਤੋਂ ਬਿਨਾਂ ਹੋਰ ਸੰਗੀਤਕ ਪ੍ਰਣਾਲੀਆਂ, ਸ਼ਾਸਤਰੀ ਗਾਇਨ ਅਤੇ ਸੁਗਮ ਸੰਗੀਤ ਗਾਇਨ ਵਿੱਚ ਵੀ ਦਿਲਚਸਪੀ ਲੈਂਦੇ ਸਨ, ਪਰ ਜਦੋਂ ਤੋਂ ਉਹਨਾਂ ਨੇ ਕੀਰਤਨ ਦਰਬਾਰਾਂ ਦੀ ਲਹਿਰ ਨੂੰ ਸੰਗਠਿਤ ਕੀਤਾ, ਤਦੋਂ ਤੋਂ ਉਨ੍ਹਾਂ ਨੇ ਆਪਣੀ ਪ੍ਰਭਾਵਸ਼ਾਲੀ ਗਾਇਕੀ ਨੂੰ ਨਿਰੋਲ ਗੁਰੂ ਕੀਰਤਨ ਅਤੇ ਗੁਰੂ ਘਰ ਦੀ ਮਹਿਮਾ ਤੇ ਵਡਿਆਈ ਨੂੰ ਗਾਉਣ ਤੱਕ ਹੀ ਸੀਮਤ ਕਰ ਲਿਆ ਸੀ। ਇਸ ਨਾਲ ਉਨ੍ਹਾਂ ਦਾ ਪਹਿਲਾ ਸਾਰਾ ਸੰਗੀਤਕ ਅਨੁਭਵ ਆਪਣੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਹੁਣ ਗੁਰੂ ਸ਼ਬਦਾਂ ਦੇ ਗਾਇਨ ਵਿੱਚ ਪ੍ਰਫੁਲਤ ਹੋ ਗਿਆ। ਉਨ੍ਹਾਂ ਦੀ ਨਵੇਂ ਰਿਕਾਰਡਾਂ ਅਤੇ ਕੈਸਟਾਂ ਵਿੱਚ ਉਨ੍ਹਾਂ ਦੀ ਕਰਤਾਰੀ ਪ੍ਰਤਿਭਾ ਦੇ ਝਲਕਾਰੇ ਉਨ੍ਹਾਂ ਦੇ ਗਾਏ ਹੋਏ ਗੁਰਮਤਿ ਸੰਗੀਤ ਵਿੱਚ ਵੇਖੇ ਜਾ ਸਕਦੇ ਹਨ।

ਭਾਈ ਦੇਵਿੰਦਰ ਸਿੰਘ ਜੀ ਨੇ ਸਾਨੂੰ ਇੱਕ ਭੇਟ ਵਾਰਤਾ ਵਿੱਚ ਦਸਿਆ ਹੈ ਕਿ "ਇੱਕ ਵਾਰ ਭਾਈ ਚਾਂਦ ਜੀ ਨੂੰ 'ਮੀਆਂ ਚੰਨੂ' ਵਿਖੇ ਮੁਸਲਮਾਨ ਸ੍ਰੋਤਿਆਂ ਨੇ ਇੱਕ ਗ਼ਜ਼ਲ ਗਾਣ ਲਈ ਕਿਹਾ, ਪਰ ਭਾਈ ਚਾਂਦ ਜੀ ਨੇ ਇਹ ਕਿਹਾ ਸੀ ਕਿ ਮੈਂ ਗੁਰੂ ਰਾਮ ਦਾਸ ਜੀ ਦਾ ਹਜ਼ੂਰੀ ਕੀਰਤਨੀਆਂ ਹਾਂ, ਮੈਂ ਇਸ ਜ਼ੁਬਾਨ ਤੋਂ ਗੁਰਬਾਣੀ ਤੋਂ ਬਿਨਾਂ ਕੁਝ ਹੋਰ ਗਾ ਕੇ ਆਪਣੇ ਮਾਲਕ ਦੀ ਦਰਗਾਹ ਵਿੱਚ ਝੂਠਾ ਨਹੀਂ ਹੋਣਾ ਚਾਹੁੰਦਾ।" ਭਾਈ ਦੇਵਿੰਦਰ ਸਿੰਘ ਦਾ ਕਥਨ ਹੈ ਕਿ 'ਮੈਂ ਵੀ ਵਿਸ਼ਵਾਸ ਕਰਦਾ ਹਾਂ ਕਿ ਗੁਰਬਾਣੀ ਦਾ ਕੀਰਤਨ ਹੀ ਮੇਰਾ ਜੀਵਨ ਆਧਾਰ ਹੋਵੇ ਅਤੇ ਇਹ ਅਰਦਾਸ ਹੈ ਕਿ ਗੁਰੂ ਦੇ ਸ਼ਬਦ ਤੋਂ ਬਿਨਾਂ ਇਸ ਰਸਨਾ ਦੁਆਰਾ ਕੋਈ ਕਿਸੇ ਹੋਰ ਕੱਚੀ ਬਾਣੀ ਦਾ ਗਾਇਨ ਨਾ ਕੀਤਾ ਜਾਵੇ..... ਮਤਿ ਸ਼ਰਮਿੰਦਾ ਥੀਵਈ ਸਾਈ ਦੇ ਦਰਬਾਰ। ਭਾਈ ਦੇਵਿੰਦਰ ਸਿੰਘ ਜੀ ਦੀ ਅਰਦਾਸ ਪ੍ਰਵਾਨ ਹੋਈ ਸਮਝੀ ਜਾ ਸਕਦੀ ਹੈ। (25 ਮਈ 1987 ਨੂੰ ਕਿਸੇ ਨੇ ਗੋਲੀਆਂ ਮਾਰ ਕੇ ਭਾਈ ਦੇਵਿੰਦਰ ਸਿੰਘ ਦੀ ਹੱਤਿਆ ਕਰ ਦਿੱਤੀ।)

# ਬਹੁ ਪੱਖੀ ਸ਼ਖਸੀਅਤ ਭਾਈ ਕਰਮ ਸਿੰਘ ਰਤਨ

**ਸਤਨਾਮ ਸਿੰਘ**

(ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ।ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਉਹਨਾਂ ਦੀਆਂ ਡਾਇਰੀਆਂ ਨੂੰ ਆਧਾਰ ਬਣਾ ਕੇ ਉਹਨਾ ਦੇ ਸਪੁਤੱਰ ਸਤਨਾਮ ਸਿੰਘ ਨੇ ਲਿਖੀ ਹੈ ਲੜੀ ਵਾਰ ਪ੍ਰਕਾਸ਼ਿਤ ਕਰ ਰਹੇ ਹਾਂ।ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।)

*(ਅਪ੍ਰੈਲ 2018 ਤੋਂ ਅੱਗੇ)* **ਮੁਰਾਦਾਬਾਦ ਕੀਰਤਨ ਦੀ ਸੇਵਾ ਕਰਨ ਦੀ ਗੱਲ ਪੱਕੀ ਕਰਕੇ ਰਤਨ ਜੀ ਲਖਨਊ ਚਲੇ ਗਏ। ਕੁਝ ਦਿਨ ਲਖਨਊ ਰਹਿਣ ਉਪਰੰਤ 30 ਸਤੰਬਰ 1984 ਨੂੰ ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ ਪੁਜ ਗਏ। ਇਸ ਸਮੇਂ ਇਹਨਾਂ ਨਾਲ ਹਰਮੋਨੀਅਮ ਤੇ ਸਾਥੀ ਭਾਈ ਪੂਰਨ ਸਿੰਘ ਰਾਜਪੁਰੇ ਵਾਲੇ ਸਨ ਜੋ ਆਪ ਨਾਲ ਵਿਦੇਸ਼ ਵੀ ਗਏ ਸਨ ਅਤੇ ਤਬਲੇ ਤੇ ਆਪ ਨਾਲ ਸਨ ਭਾਈ ਸੁਰਜਨ ਸਿੰਘ ਜੋ ਪ੍ਰਸਿੱਧ ਤਬਲਾ ਵਾਦਕ ਲੱਛੂ ਮਹਾਰਾਜ ਬਨਾਰਸ ਵਾਲਿਆਂ ਦੇ ਸ਼ਗਿਰਦ ਸਨ ਆਪ ਨੂੰ ਤਬਲਾ ਵਜਾਉਣ ਵਿੱਚ ਬਹੁਤ ਮੁਹਾਰਤ ਹਾਸਲ ਸੀ।**

**1 ਅਕਤੂਬਰ 1984 ਨੂੰ ਭਾਈ ਸਾਹਿਬ ਦੇ ਜਥੇ ਨੇ ਮੁਰਾਦਾਬਾਦ ਵਿਖੇ ਕੀਰਤਨ ਦੀ ਸੇਵਾ ਆਰੰਭ ਕਰ ਦਿੱਤੀ।31 ਅਕਤੂਬਰ ਨੂੰ ਇੰਦਰਾਗਾਂਧੀ ਦੀ ਹੱਤਿਆ ਸਮੇਂ ਸਾਰੇ ਭਾਰਤ ਵਿੱਚ ਸਿੱਖਾਂ ਦੇ ਖਿਲਾਫ ਦੰਗੇ ਭੜਕ ਪਏ। ਭਾਈ ਸਾਹਿਬ ਦਾ ਪਰਿਵਾਰ ਅਜੇ ਲਖਨਊ ਹੀ ਸੀ।ਪ੍ਰਮਾਤਮਾ ਦੀ ਕਿਰਪਾ ਸਦਕਾ ਪਰਿਵਾਰ ਠੀਕ ਠਾਕ ਰਿਹਾ। ਮੁਰਾਦਾਬਾਦ ਰਹਿੰਦਿਆਂ ਆਪ ਦੇ ਜਥੇ ਨੂੰ ਦਸੰਬਰ 1984 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਗੁਰਦੁਆਰਾ ਗੁਰੂ ਬਾਗ ਬਨਾਰਸ ਵਿਖੇ ਕੀਰਤਨ ਕਰਨ ਲਈ ਬੁਲਾਇਆ ਗਿਆ।ਉਥੇ ਉਦੋਂ ਕੀਰਤਨ ਕਰਨ ਲਈ ਦਰਬਾਰ ਸਾਹਿਬ ਦੇ ਪ੍ਰਸਿੱਧ ਰਾਗੀ ਭਾਈ ਬਲਬੀਰ ਸਿੰਘ ਜੀ ਵੀ ਪੁਜੇ ਹੋਏ ਸਨ। ਉਹਨਾਂ ਨੇ ਰਤਨ ਜੀ ਦਾ ਕੀਰਤਨ ਸੁਣ ਕੇ ਭਰਪੂਰ ਪ੍ਰਸ਼ੰਸਾ ਕੀਤੀ।ਰਤਨ ਜੀ ਇਸ ਨੂੰ ਆਪਣੇ ਆਪ ਲਈ ਇੱਕ ਅਸੀਸ ਸਮਝਦੇ ਸਨ।ਮੁਰਾਦਾਬਾਦ ਰਹਿੰਦਿਆਂ ਨੇੜਲੇ ਸ਼ਹਿਰਾਂ ਦੀਆਂ ਸੰਗਤਾਂ ਰਤਨ ਜੀ ਦੇ ਰਾਗੀ ਜਥੇ ਨੂੰ ਅਕਸਰ ਕੀਰਤਨ ਕਰਨ ਲਈ ਬੁਲਾਉਂਦੀਆਂ ਰਹਿੰਦੀਆਂ ਸਨ। ਰਤਨ ਜੀ ਨੇ ਇਸ ਸਮੇਂ ਜਿਹੜੇ ਸ਼ਹਿਰਾਂ ਕਸਬਿਆਂ ਵਿੱਚ ਕੀਰਤਨ ਕੀਤਾ ਉਹਨਾਂ ਦੇ ਨਾਮ ਹਨ-ਡੇਹਰਾਦੂਨ, ਬੁਲੰਦ ਸ਼ਹਿਰ, ਖੁਰਜਾ, ਬਦਾਯੂੰ, ਚੰਦੌਸੀ, ਸੰਭਲ, ਬਾਜਪੁਰ, ਨੈਨੀਤਾਲ, ਨਾਨਕਮਤਾ, ਰੁਦਰਪੁਰ, ਬਿਲਾਸਪੁਰ, ਰਾਮਪੁਰ, ਕਾਸ਼ੀਪੁਰ, ਬਿਜਨੌਰ, ਹਾਪੁੜ, ਸ਼ਾਹਜਹਾਂਪੁਰ, ਬਰੇਲੀ ਆਦਿ ।**

**ਰਤਨ ਜੀ ਨੇ ਮੁਰਾਦਾਬਾਦ ਦੇ ਕਈ ਬੱਚੇ ਬੱਚੀਆਂ ਨੂੰ ਕੀਰਤਨ ਸਿਖਾਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਅਤੇ ਰਤਨ ਜੀ ਕੀਰਤਨ ਦੇ ਪ੍ਰਭਾਵ ਸਦਕਾ ਸ਼ਹਿਰ ਵਿੱਚ ਉਹਨਾਂ ਦਾ ਬਹੁਤ ਮਾਣ ਸਤਿਕਾਰ ਹੋਣ ਲੱਗ ਪਿਆ।ਰਤਨ ਜੀ ਦੀ ਡਾਇਰੀ ਵਿੱਚ ਦੋ ਗੱਲਾਂ ਦਾ ਜ਼ਿਕਰ ਬੜੇ ਵਿਸਥਾਰ ਕੀਤਾ ਹੋਇਆ ਹੈ।ਪਹਿਲੀ ਹੈ ਉਥੋਂ ਦੇ ਚੱਢਾ ਪਰਿਵਾਰ ਨਾਲ ਨੇੜਤਾ। ਇਹ ਪਰਿਵਾਰ ਇੱਕ ਧਨੀ ਪਰਿਵਾਰ ਹੈ ਇਹਨਾਂ ਦਾ ਇੱਕ**

ਸਿਨਮਾ ਹਾਲ ਅਤੇ ਇੱਕ ਪ੍ਰਸਿੱਧ ਹੋਟਲ ਹੈ।ਇਹਨਾਂ ਦਾ ਪਰਿਵਾਰ ਭਾਈ ਧਰਮ ਸਿੰਘ ਜ਼ਖਮੀ ਅਤੇ ਉਹਨਾਂ ਦੇ ਸਪੁਤਰ ਭਾਈ ਅਮਰੀਕ ਜ਼ਖਮੀ ਦਾ ਬਹੁਤ ਪ੍ਰੇਮੀ ਹੈ। ਜਦੋਂ ਭਾਈ ਕਰਮ ਸਿੰਘ ਰਤਨ ਮੁਰਾਦਾਬਾਦ ਆਏ ਤਾਂ ਇਸ ਪਰਿਵਾਰ ਨੇ ਰਤਨ ਜੀ ਦਾ ਕੀਰਤਨ ਕਰਵਾਉਣਾ ਆਰੰਭ ਕਰ ਦਿੱਤਾ ਅਤੇ ਇਹ ਇਹਨਾਂ ਨੂੰ ਬਹੁਤ ਸਤਿਕਾਰ ਦੇਣ ਲੱਗ ਪਏ।ਦੂਜੀ ਘਟਨਾ ਕਾਫੀ ਦਿਲਚਸਪ ਹੈ। ਇੱਕ ਦਿਨ ਰਤਨ ਜੀ ਦੇ ਕਮਰੇ ਵਿੱਚ ਇੱਕ ਥਾਣੇਦਾਰ ਸਾਹਿਬ ਆ ਪਹੁੰਚੇ। ਘਰ ਦੇ ਸਾਰੇ ਜੀਅ ਘਬਰਾ ਗਏ। ਰਤਨ ਜੀ ਨੇ ਥਾਣੇਦਾਰ ਸਾਹਿਬ ਨੂੰ ਪੁਛਿਆ ਕਿ ਕੀ ਕੋਈ ਗੁਸਤਾਖੀ ਹੋ ਗਈ ਹੈ। ਤਾਂ ਥਾਣੇਦਾਰ ਸਾਹਿਬ ਹੱਥ ਜੋੜ ਕੇ ਕਹਿਣ ਲੱਗੇ ਅਰੇ ਨਹੀਂ ਸਰਦਾਰ ਸਾਹਿਬ ਮੈਂ ਤੋ ਕਈ ਦਿਨ ਸੇ ਬਾਹਰ ਜੀਪ ਮੇ ਬੈਠ ਕਰ ਹੀ ਆਪ ਕਾ ਮਧੁਰ ਕੀਰਤਨ ਸੁਨਤਾ ਆ ਰਹਾ ਹੂੰ। ਆਜ ਮਨ ਕੀਆ ਕਿ ਆਪ ਕੇ ਦਰਸ਼ਨ ਕਰ ਲੂੰ।ਰਤਨ ਜੀ ਦਾ ਸਤਿਕਾਰ ਉਥੋਂ ਦੀ ਆਈ, ਜੀ, ਬੀਬੀ ਸੁਰਜੀਤ ਕੌਰ ਵੀ ਕਰਦੀ ਸੀ। ਕਈ ਸੱਜਣ ਤਾਂ ਕੋਈ ਕੰਮ ਕਰਵਾਉਣ ਲਈ ਰਤਨ ਜੀ ਦੀ ਸਿਫਰਿਸ਼ ਵੀ ਕਰਵਾਉਣ ਲੱਗ ਪਏ ਸਨ।

ਰਤਨ ਜੀ ਮੁਰਾਦਾਬਾਦ ਕੋਈ ਪੰਜ ਸਾਲ ਕੀਰਤਨ ਕਰਦੇ ਰਹੇ।ਫਿਰ ਗੁਰਦੁਆਰਾ ਕਮੇਟੀ ਬਦਲ ਗਈ।ਰਤਨ ਜੀ ਨੂੰ ਜਾਪਿਆ ਕਿ ਨਵੀਂ ਕਮੇਟੀ ਦੇ ਪ੍ਰਬੰਧਕ ਕੋਈ ਖਾਸ ਮਾਣ ਸਤਿਕਾਰ ਨਹੀਂ ਦੇ ਰਹੇ ਇਸ ਲਈ ਉਹਨਾਂ ਨੇ ਉਥੋਂ ਸੇਵਾ ਛੱਡ ਦਿੱਤੀ।*(ਚਲਦਾ)*

ਨਿਊ ਬਸੰਤ ਵਿਹਾਰ,
425 ਸਿਮਰਨ ਨਿਵਾਸ, ਗਲੀ ਨੰ 1,
ਕਾਕੋਵਾਲ ਰੋਡ, ਲੁਧਿਆਣਾ-141007

# ਰਾਗ ਤਿਲੰਗ

ਇਹ ਬਹੁਤ ਮਸ਼ਹੂਰ ਹਰਮਨ ਪਿਆਰਾ ਓਢਵ ਜਾਤੀ ਦਾ ਰਾਗ ਖਮਾਜ ਠਾਠ ਦਾ ਹੈ ਜਿਸਦੇ ਆਰੋਹ ਅਵਰੋਹ ਵਿੱਚ ਰਿਖਬ ਤੇ ਧੈਵਤ ਵਰਜਤ ਸੁਰ ਹਨ। ਆਰੋਹ ਵਿੱਚ ਸ਼ੁੱਧ ਨਿਖਾਦ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਵਰਤਿਆ ਜਾਂਦਾ ਹੈ ਅਤੇ ਬਾਕੀ ਸੁਰ ਸ਼ੁੱਧ ਹਨ। ਇਸ ਰਾਤ ਦੇ ਸਮੇਂ ਗਾਉਣ ਵਾਲੇ ਰਾਗ ਵਿੱਚ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਨਿਖਾਦ ਹੈ। ਬੇਸ਼ੱਕ ਰਿਖਬ ਸੁਰ ਵਰਜਤ ਹੈ ਪਰ ਤਾਰ ਸਪਤਕ ਵਿੱਚ ਅਵਰੋਹ ਕਰਦਿਆਂ ਇਸ ਸੁਰ ਦੀ ਵਰਤੋਂ ਖੁੱਲੇ ਤੌਰ ਤੇ ਹੁੰਦੀ ਹੈ। ਮੱਧ ਸਪਤਕ ਵਿੱਚ ਵੀ ਅਵਰੋਹ ਵਿੱਚ ਧੈਵਤ ਅਤੇ ਰਿਖਬ ਦੇ ਕਣ ਜਦ ਲੱਗਦੇ ਹਨ ਤਾਂ ਰਾਗ ਦੀ ਸੁੰਦਰਤਾ ਵਧਦੀ ਹੈ। ਇਸ ਰਾਗ ਦੇ ਅੰਤਰੇ ਦਾ ਉਠਾਵ ਗੰਧਾਰ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਨਾ ਕਿ ਮੱਧਯਮ ਤੋਂ। ਮ ਪ ਨ ਸੰ ਕਰਨ ਨਾਲ ਰਾਗ ਸਾਰੰਗ ਅੱਗੇ ਆਉਂਦਾ ਹੈ ਪਰ ਗ ਮ ਪ ਨ ਸੰ ਕਰਨ ਨਾਲ ਤਿਲੰਗ ਸਾਹਮਣੇ ਆਏਗਾ। ਇਸ ਰਾਗ ਦਾ ਸੁਭਾਅ ਚੰਚਲ ਹੈ ਇਸ ਕਰਕੇ ਇਸ ਵਿੱਚ ਠੁਮਰੀ, ਦਾਦਰਾ, ਗ਼ਜ਼ਲ ਆਦਿ ਬਹੁਤ ਸਜਦੇ ਹਨ ਅਤੇ ਵਿਲੰਬਤ ਖਿਆਲ ਬਹੁਤ ਘੱਟ ਗਾਏ ਜਾਂਦੇ ਹਨ। ਇਸ ਦੇ ਨਿਆਸ ਸੁਰ ਗੰਧਾਰ, ਪੰਚਮ ਅਤੇ ਨਿਖਾਦ ਹਨ।

**ਚਾਲ** : ਗ (ਗ)ਸ - ਨ਼ - ਸ, ਸ ਨੁ਼ ਪ਼ ਨ਼ ਸ ਗ - ਸ, ਨ਼ ਸ ਗ ਮ ਗ - ਗ ਮ ਪ ਮ ਗ - (ਗ)ਸ, ਨ਼ ਸ ਗ ਮ ਪ ਮ ਗ - ਸ ਗ ਮ ਪ ਗ ਮ ਗ - ਗ ਮ ਪ ਨੁ ਪ ਮ ਗ - ਨ਼ ਸ, ਸ ਗ ਮ ਪ ਨੁ - ਪ - ਗ ਮ ਪ ਨ - ਸੰ, ਗ ਮ ਪ ਨ ਸੰ ਨੁ ਪ ਮ ਗ - ਗ ਮ ਗ - ਨ਼ - ਸ, ਗ ਮ ਪ ਨ ਸੰ ਨੁ ਪ - ਨ - ਸੰ, ਪ ਨ ਸੰ ਗੰ - ਮੰ ਗੰ ਰੰ ਸੰ, ਪ ਨੁ ਪ ਮ ਗ ਮ ਪ ਨ ਸੰ - ਸੰ ਨੁ ਪ ਮ ਗ - ਗ ਮ ਗ - (ਗ)ਸ।

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਮ | ਪ | ਨੁ | ਪ | ਮ | ਪ | ਨ | ਸੰ | - | ਨੁ | ਪ | ਗ | ਮ | ਗ | ਸ |
| ਗੁ | ਰ | ਅ | ਰ | ਜ | ਨ | ऽ | ਵਿ | ਟਹੁ | ऽ | ਕੁ | ਰ | ਬਾ | ऽ | ਨੀ | ऽ |
| ਗ | ਗ | ਗ | - | ਗ | ਗ | ਗ | ਮ | ਗ | ਮ | ਮ | ਪ | ਪ | ਪ | - | - |
| ਰ | ਹਿ | ਦੇ | ऽ | ਗੁ | ਰ | ਦ | ਰ | ਆ | ऽ | ऽ | ਉ | ਵਿ | ਚ | ऽ | ऽ |
| ਨੁ | - | ਨੁ | ਨੁ | ਨੁ | ਨੁ | ਪ | ਮ | - | ਮ | ਮ | ਪ | ਮ | - | ਗ | - |
| ਮੀ | ऽ | ਨ | ਕੁ | ਲੀ | ऽ | ਨ | ਹੇ | ऽ | ਤ | ਨਿ | ਰ | ਬਾ | ऽ | ਨੀ | ऽ |
| 0 | | | | 3 | | | | x | | | | 2 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਗ | ਗ | ਮ | ਪ | - | ਨ | ਨ | ਸੰ | - | - | ਨ | ਸੰ | - | - | - |
| ਦ | ਰ | ਸ | ਨ | ਦੇ | ऽ | ਖ | ਪ | ਤੈਂ | ऽ | ऽ | ਗ | ਜਿਉ | ऽ | ऽ | ऽ |
| ਸੰ | - | ਗੰ | ਮੰ | ਗੰ | - | ਸੰ | ਸੰ | ਨ | - | ਸੰ | ਸੰ | ਨੁ | ਪ | ਮ | ਗ |
| ਜੋ | ऽ | ਤੀ | ऽ | ਅੰ | ऽ | ਦ | ਰ | ਜੋ | ऽ | ਤ | ਸ | ਮਾ | ऽ | ਣੀ | ऽ |
| ਨੁ | ਨੁ | ਪ | ਮ | ਗ | ਗ | (ਗ)ਸ | ਸ | ਨੁ਼ | ਪ਼ | ਨ਼ | ਨ਼ | ਸ | - | ਸ | - |
| ਗੁ | ਰ | ਅ | ਰ | ਜ | ਨ | ऽ | ਵਿ | ਟਹੁ | ऽ | ਕੁ | ਰ | ਬਾ | ऽ | ਨੀ | ऽ |
| 0 | | | | 3 | | | | x | | | | 2 | | | |

Postal Regd. No. CH/0045/2015-2017 RNI Regd.No. 46788/89 ISSN 0972-2335

# ਸੁਰਲਿਪੀ ਵਾਲੇ ਸ਼ਬਦ ਦੇ ਅਰਥ

**ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।**

**Liberating the soul from the body, Guru (Arjan Dev) stabilized himself in the water of river as the fish remains in water.**

**ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।**

**As the moth rows itself into the flame, his light mingled with light of the Lord.**

**ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।**

**Caring of for life, as the deer keeps its consciousness concentrated when in peril, the Guru also, when undergoing suffering kept none else except the Lord in is' consciousness.**

**ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।**

**As the black bee remains enrapt in the petals of flower • enjoy fragrance, the Guru also spent night of suffering by keeping joyfully s concentration on the feet of Lord.**

**ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।**

**The Guru like a rainbird spoke to his isciples that the teachings of the Guru should not be forgotten.**

**ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।**

**The pleasure it of the Gurmukh (Guru Arjan Dev) is the delight of love and he accepts the holy congregation as the natural state of meditation.**

**ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥**

**I am sacrifice unto Guru Arjan Dev.**

**(ਵਾਰਾਂ ਭਾਈ ਗੁਰਦਾਸ : ਵਾਰ ੨੪ ਪਉੜੀ ੨੩)**